# ਸਾਂਝੀ ਵਿਰਾਸਤ

ਜਿਲਦ 2 ਅੰਕ 20

2023

ਭਾਦੋਂ (ਅਗੱਸਤ)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Panjabi Language, Culture, History and Heritage**

Website: **sanjhivirasat.org**

## ਵਿਸ਼ਾ ਸੂਚੀ (ਅਗੱਸਤ 2023)


| | | | |
|---|---|---|---|
| 1. | ਸੰਪਾਦਕੀ ਨੋਟ | ਮੁੱਖ ਸੰਪਾਦਕ | 3 |
| 2. | ਬਾਰਹ ਮਾਹਾ ਤੁਖਾਰੀ ਛੰਤ ਮਹਲਾ 1 - ਵਿਆਖਿਆ | ਮਨਿੰਦਰ ਸਿੰਘ (ਪ੍ਰੋਫ਼ੈਸਰ) | 4 |
| 3. | ਬਾਰਹ ਮਾਹਾ ਮਾਂਝ ਮਹਲਾ 5 – ਕਾਵਿਕ ਵਿਆਖਿਆ | ਕਰਮਜੀਤ ਸਿੰਘ ਨੂਰ | 5 |
| 4. | ਗੁਰ ਮੂਰਤਿ ਗੁਰ ਸ਼ਬਦ ਹੈ | ਮਨਿੰਦਰ ਸਿੰਘ (ਪ੍ਰੋਫ਼ੈਸਰ) | 7 |
| 5. | ਮੀਰੀ ਪੀਰੀ ਸਤਿਗੁਰ – ਗੀਤ | ਗੁਰਦੀਸ਼ ਕੌਰ ਗਰੇਵਾਲ | 9 |
| 6. | ਗੁਰੂ ਨਾਨਕ ਜੀ ਦਾ ਨਿਆਰਾ ਇਨਕਲਾਬ – ਭਾਗ 3 | ਕਾਬਲ ਸਿੰਘ (ਡਾ.), ਬਲਦੇਵ ਸਿੰਘ (ਡਾ.) | 10 |
| 7. | ਊੜਾ (ੳ) – ਕਵਿਤਾ | ਐਸ਼ਕੁਮ ਐਸ਼ਵਿਕ (ਐਸ਼) | 13 |
| 8. | ਲ਼ਾਵਾਂ ਦੇ ਪਾਠ ਦਾ ਅਰਥ – 2 | ਚਮਕੌਰ ਸਿੰਘ ਬਰਾੜ | 14 |
| 9. | ਕੀ ਸਭ ਨੂੰ ਸਮਝਾਇਆ ਜਾ ਸਕਦਾ ਹੈ ? ਭਾਗ – 2 | ਦੇਵਿੰਦਰ ਸਿੰਘ ਸੇਖੋਂ (ਡਾ.) | 16 |
| 10. | ਭੋਜਨ ਬਾਰੇ ਵੈਬੀਨਾਰ ਵਿਚਾਰ | ਗਲੋਬਲ ਸਿੱਖ ਕੌਂਸਿਲ | 18 |
| 11. | ਅੰਧ ਵਿਸ਼ਵਾਸ | ਗੁਰਦੀਸ਼ ਕੌਰ ਗਰੇਵਾਲ | 19 |
| 12. | ਸ਼ਹੀਦ ਭਾਈ ਮਨੀ ਸਿੰਘ ਜੀ | ਅਮ੍ਰਿਤ ਪਾਲ ਕੌਰ | 21 |
| 13. | **Sardar Ram Singh – A Unique Architect** | **Rajbir Singh Bhatti (Dr)** | 23 |
| 14. | ਤੈਨੂੰ ਕਹਾਂ ਪੰਜਾਬ ਸਿਆਂ | ਕਰਨਲ ਪ੍ਰਤਾਪ ਸਿੰਘ | 25 |
| 15. | ਦਸਤਾਰਧਾਰੀ ਜਾਂਬਾਜ਼ ! ਭਾਗ–1 | ਹਰਸ਼ਿੰਦਰ ਕੌਰ (ਡਾ.) | 26 |
| 16. | ਗੁਰੂ ਮਹਿਮਾ | ਬ੍ਰਿਜਮਿੰਦਰ ਕੌਰ | 28 |
| 17. | **Sikh Wisdom** | **Amrit Pal Singh Scahdeva** | 30 |
| 18. | ਪੰਜਾਬੀ ਸ਼ਬਦਾਂ ਦੀ ਜਾਣਕਾਰੀ | ਸਕੂਲ ਸਿਖਿਆ ਵਿਭਾਗ (ਪੰਜਾਬ) | 33 |
| 19. | ਅਗੱਸਤ ਦਾ ਮਹੀਨਾ | ਰੂਬੀਨਾ ਸਿੰਘ | 35 |
| 20. | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਐਡੀਟੋਰੀਅਲ ਬੋਰਡ | 36 |
| 21. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਐਡੀਟੋਰੀਅਲ ਬੋਰਡ | 38 |
| 22. | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | ਸਾਂਝੀ ਵਿਰਾਸਤ | 39 |


.

## ਸੰਪਾਦਕੀ ਨੋਟ

(ਅਗੱਸਤ 2023 ਅੰਕ)

ਇਸ ਮਹੀਨੇ ਦੀ 30 ਤਾਰੀਖ ਨੂੰ ਭਾਈ ਗੁਰਦਾਸ ਜੀ ਨੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ (1564-1606) ਦੀ ਅਗਵਾਈ ਹੇਠ 'ਆਦਿ ਗ੍ਰੰਥ' ਦੀ ਰਚਨਾ ਸੰਪੂਰਨਾ ਕੀਤੀ ਸੀ। ਪਹਿਲੀ ਸਤੰਬਰ 1604 ਵਾਲੇ ਦਿਨ ਇਸ ਪਵਿੱਤਰ ਗ੍ਰੰਥ ਦੀ ਸਥਾਪਨਾ ਸ੍ਰੀ ਦਰਬਾਰ ਸਾਹਿਬ, ਅਮ੍ਰਿਤਸਰ ਵਿਖੇ ਹੋਈ। ਨਾਨਕਸ਼ਾਹੀ ਕੈਲੰਡਰ ਅਨੁਸਾਰ 16 ਅਗੱਸਤ ਨੂੰ ਭਾਦੋਂ ਦਾ ਮਹੀਨਾ ਸ਼ੁਰੂ ਹੁੰਦਾ ਹੈ।

ਅਗੱਸਤ 1945 ਵਿਚ 6 ਤਾਰੀਖ ਨੂੰ ਜਾਪਾਨ ਦੇ ਹਿਰੋਸ਼ਿਮਾ ਉਤੇ ਅਤੇ 9 ਨੂੰ ਨਾਗਾਸਾਕੀ ਉਤੇ ਅਮਰੀਕਾ ਵਲੋਂ ਐਟਮ ਬੰਬ ਸੁਟੇ ਗਏ ਸਨ। ਇਸ ਦੇ ਨਤੀਜੇ ਵਜੋਂ ਜਾਪਾਨ ਨੇ 15 ਅਗੱਸਤ ਨੂੰ ਸਮਰਪਣ ਕਰ ਦਿਤਾ ਅਤੇ ਦੂਸਰਾ ਵਿਸ਼ਵ ਯੁੱਧ ਖਤਮ ਹੋ ਗਿਆ। ਸਨ 2009 ਤੋਂ ਯੂਨਾਈਟਿਡ ਨੇਸ਼ਨਸ (**United Nations**) ਵਲੋਂ 29 ਅਗੱਸਤ ਨੂੰ ਹਰ ਸਾਲ ਐਟਮੀ ਤਜਰਬਿਆਂ ਵਿਰੁੱਧ ਦਿਨ ਦੇ ਤੌਰ ਤੇ ਮਨਾਇਆ ਜਾਂਦਾ ਹੈ।

ਭਾਰਤ 15 ਅਗਸਤ ਨੂੰ ਆਪਣਾ ਆਜ਼ਾਦੀ ਦਿਨ ਮਨਾਉਂਦਾ ਹੈ ਜਦੋਂ 1947 ਵਿਚ ਉਹ ਬ੍ਰਿਟੇਨ ਤੋਂ ਮੁਕਤ ਹੋਇਆ ਸੀ। ਇਸ ਦਿਨ ਭਾਰਤ ਦੇ ਪੰਜਾਬ ਅਤੇ ਬੰਗਾਲ ਦੋ ਹਿੱਸਿਆਂ ਵਿਚ ਵੰਡੇ ਗਏ ਸਨ। ਅਗੱਸਤ 21 ਦਾ ਦਿਨ ਬਜ਼ੁਰਗਾਂ ਨੂੰ ਸਮਰਪਿਤ ਹੁੰਦਾ ਹੈ ਜਦੋਂ ਉਨ੍ਹਾਂ ਦੀਆਂ ਘਾਲਣਾਵਾਂ ਲਈ ਧੰਨਵਾਦ ਕੀਤਾ ਜਾਂਦਾ ਹੈ।

ਜੋ ਲੇਖਕ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ ਜਾਂ ਵਿਰਾਸਤ ਬਾਰੇ ਮੌਲਿਕ ਰਚਨਾਵਾਂ (ਲੇਖ, ਮਿੰਨੀ ਕਹਾਣੀ, ਆਪ-ਬੀਤੀ ਜਾਂ ਕਵਿਤਾ) ਭੇਜਣਾ ਚਾਹੁੰਦੇ ਹਨ ਉਹ 10 ਤਾਰੀਖ ਤਕ ਭੇਜ ਦਿਆ ਕਰਣ। ਕਿਸੇ ਧਰਮ, ਸੰਸਥਾ ਜਾਂ ਪਾਰਟੀ ਵਿਰੁੱਧ ਲੇਖ ਨਹੀਂ ਛਾਪੇ ਜਾਣਗੇ। ਨਾ ਹੀ ਕਿਸੇ ਵਿਵਾਦਤ ਜਾਂ ਰਾਜਨੀਤਿਕ ਵਿਅਕਤੀ ਬਾਰੇ ਜ਼ਿਕਰ ਪਰਵਾਨ ਕੀਤਾ ਜਾਵੇਗਾ।

ਇਕਸਾਰਤਾ ਲਈ ਜ਼ਰੂਰੀ ਜਾਣਕਾਰੀ ਹਰ ਅੰਕ ਦੇ ਅੰਤ ਵਿਚ ਦਿੱਤੀ ਹੈ ਅਤੇ ਇਸ ਦੇ ਵੈਬਸਾਈਟ (**sanjhivirasat.org**) ਤੇ ਵੀ ਹੈ। ਜੇ ਹੋ ਸਕੇ ਤਾਂ ਪੰਜਾਬੀ ਰਚਨਾਵਾਂ "ਅਨਮੋਲ ਲਿਪੀ" ਵਿਚ ਹੀ ਭੇਜੀਆਂ ਜਾਣ। ਅੰਗਰੇਜ਼ੀ ਵਿਚ ਲਿਖੀਆਂ ਰਚਨਾਵਾਂ ਵੀ ਛਾਪੀਆਂ ਜਾਂਦੀਆਂ ਹਨ।

ਮੌਲਿਕ ਰਚਨਾਵਾਂ, ਵੱਧ ਤੋਂ ਵੱਧ (14 ਫ਼ੌਂਟ ਵਿਚ) ਦੋ ਪਨਿੰਆਂ (ਕੁਲ 800 ਸ਼ਬਦਾਂ) ਤਕ ਹੀ ਭੇਜੀਆਂ ਜਾਣ। ਲੰਬੇ ਲੇਖ ਵੈਬਸਾਈਟ ਦੇ 'ਬਲਾਗ' ਉਤੇ ਪਾਏ ਜਾ ਸਕਦੇ ਹਨ। ਲੇਖਕ ਆਪਣੀ ਫੋਟੋ (ਜੇ ਚਾਹੁਣ ਤਾਂ), ਆਪਣੇ ਸ਼ਹਿਰ ਤੇ ਦੇਸ ਦੇ ਨਾਂ, ਈ-ਮੇਲ, ਵੱਟਸਐਪ ਜਾਂ ਫੋਨ ਨੰਬਰ ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਵੀ ਭੇਜ ਦੇਣ। ਪਾਠਕਾਂ ਅਤੇ ਲੇਖਕਾਂ ਦੇ ਸੁਝਾਵਾਂ ਤੇ ਵਿਚਾਰ ਜ਼ਰੂਰ ਕੀਤਾ ਜਾਵੇਗਾ। ਧੰਨਵਾਦ।

ਡਾ. ਸੁਰਜੀਤ ਸਿੰਘ ਭੱਟੀ, ਮੁੱਖ ਸੰਪਾਦਕ
(**surjitsingh.bhatti@gmail.com**)

## ਭਾਦਉ ਮਹੀਨੇ ਦਾ ਪਾਠ ਅਤੇ ਵਿਆਖਿਆ

ਬਾਰਹ ਮਾਹਾ ਤੁਖਾਰੀ ਛੰਤ ਮਹਲਾ 1 ੴ ਸਤਿਗੁਰ ਪ੍ਰਸਾਦਿ॥

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥
ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ॥
ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ ॥
ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ ॥
ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ ॥੧੦॥
ਸ੍ਰੀ ਗੁਰੂ ਗ੍ਰੰਥ ਸਾਹਿਬ {ਪੰਨਾ 1108}}

ਮਨੁੱਖ ਦੇ ਮਨ ਤੇ ਸਰੀਰ ਉੱਤੇ ਸਮੇ ਨਾਲ ਬਦਲਦੀਆਂ ਰੁੱਤਾਂ ਦਾ ਅਸਰ ਪੈਂਦਾ ਹੈ। ਬਰਸਾਤ ਦੇ ਸੁਹਾਵਣੇ ਮੌਸਮ ਵਿਚ ਸੰਸਾਰਕ ਖੁਸ਼ੀਆਂ ਤੇ ਰੰਗ ਤਮਾਸ਼ੇ ਮਨ ਨੂੰ ਭਾਉਂਦੇ ਹਨ। ਪਰ ਭਾਦੋਂ ਰੂਪੀ ਉਮਰ ਦੀ ਭਰ ਜੁਆਨੀ ਵਿਚ ਆਖਰ ਮਨੁੱਖ ਨੂੰ ਇਨ੍ਹਾਂ ਖੁਸ਼ੀਆਂ ਦੇ ਭਰਮ ਦਾ ਅਹਿਸਾਸ ਤੇ ਪਛਤਾਵਾ ਹੁੰਦਾ ਹੈ। ਬਰਸਾਤ ਦੇ ਵਰਸਣ ਨਾਲ ਆਲੇ ਦੁਆਲੇ ਜਲਥਲ ਦਾ ਵਾਤਾਵਰਣ ਖੁਸ਼ੀਆਂ ਮਾਣਨ ਦਾ ਹੋ ਜਾਦਾ ਹੈ ਪਰੰਤੂ ਪ੍ਰਭੂ ਪਤੀ ਨੂੰ ਵਿਸਾਰ ਕੇ ਜੀਵ ਇਸਤ੍ਰੀ ਵਿਆਕੁਲ ਹੁੰਦੀ ਹੈ। ਉਹ ਕਾਲੀ ਰਾਤ ਵਿਚ ਲਗਾਤਾਰ ਪੈਂਦੇ ਮੀਂਹ ਵਿਚ ਇਕੱਲੀ ਪ੍ਰਭੂ ਪਤੀ ਤੋਂ ਬਿਨਾ ਕਿਵੇਂ ਸੁਖੀ ਹੋ ਸਕਦੀ ਹੈ। ਡੱਡੂਆਂ ਤੇ ਮੋਰਾਂ ਦੀਆਂ ਆਵਾਜ਼ਾਂ ਨਾਲ ਪਪੀਹੇ ਦੀ ਪੀਊ ਪੀਊ ਮਨ ਵਿਚ ਪ੍ਰਭੂ ਵਿਛੋੜੇ ਦੀ ਕਸਕ ਪਾਉਂਦੀ। ਸੱਪਾਂ ਦੇ ਡੱਸਣ ਵਰਗੀ ਪੀੜ ਮਨ ਨੂੰ ਪੁੰਹਦੀ ਹੈ। ਭਾਦੋਂ ਰੂਪੀ ਉਮਰ ਦੇ ਸਮੇ ਵਿਚ ਪ੍ਰਭੂ ਵਿਛੋੜੇ ਦਾ ਦਰਦ ਮੱਛਰਾਂ ਦੇ ਢੰਗ ਵਰਗਾ ਦੁਖਦਾਈ ਹੁੰਦਾ ਹੈ।

ਪ੍ਰਭੂ ਦੀ ਯਾਦ ਤੋਂ ਬਿਨਾ ਸੁਹਾਵਣੇ ਮੌਸਮ ਦੇ ਸੁੱਖ ਵੀ ਨਹੀਂ ਸੁਖਾਂਦੇ। ਪ੍ਰਭੂ ਵਿਛੋੜੇ ਦਾ ਦੁਖ ਦੂਰ ਕਰਨ ਲਈ ਆਪਣੇ ਗੁਰੂ ਤੋਂ ਸਿਖਿਆ ਲੈਣੀ ਚਾਹੀਦੀ ਹੈ ਜਿਸਦੇ ਨਾਲ ਜੀਵ ਦਾ ਪ੍ਰਭੂ ਵਲ ਜਾਣ ਦਾ ਹੌਂਸਲਾ ਬਣਦਾ ਹੈ।



ਪ੍ਰੋਫੈਸਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)

## ਬਾਰਹ ਮਾਹਾ ਮਾਂਝ ਵਿੱਚੋਂ ਭਾਦਰੋਂ ਮਹੀਨੇ ਦਾ ਪਾਠ

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥
ਜਿਤੁ ਦਿਨ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥
ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥੭॥

### ਭਾਵ ਅਰਥ

ਇੰਜ. ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ

ਭਾਦਰੋਂ ਦੇ ਮਹੀਨੇ ਨੂੰ ਆਧਾਰ ਬਣਾ ਕੇ ਪੰਚਮ ਪਾਤਸ਼ਹ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ।

"ਪਤੀ ਨੂੰ ਛੱਡ ਕੇ, ਕਿਸੇ ਦੂਜੇ ਨਾਲ ਪਿਆਰ ਕਰਨ ਵਾਲੀ ਇਸਤਰੀ ਦੇ ਹਾਰ ਸ਼ਿੰਗਾਰ ਲਾਏ ਸਭ ਵਿਅਰਥ ਹਨ, ਮੁਸੀਬਤ ਵੇਲੇ ਸਭ ਛੱਡ ਕੇ ਪਾਸੇ ਹੋ ਜਾਂਦੇ ਹਨ। ਇਸੇ ਤਰਾਂ ਇੱਕ ਨਿਰੰਕਾਰ ਨੂੰ ਛੱਡ ਕੇ ਸੰਸਾਰ ਨਾਲ ਮੋਹ ਰਖਣ ਵਾਲੀ ਜੀਵ ਇਸਤਰੀ ਦੇ ਇਕੱਤਰ ਕੀਤੇ ਸਭ ਧਨ ਪਦਾਰਥ ਆਖੀਰ ਦੁੱਖ ਦਾ ਹੀ ਕਾਰਣ ਬਣਦੇ ਹਨ, ਕੁਛ ਵੀ ਨਾਲ ਨਹੀਂ ਜਾਂਦਾ, ਜੀਵ ਆਪਣੇ ਕੀਤੇ ਕਰਮਾਂ ਕਰਕੇ ਨਰਕ ਦਾ ਜੀਵਨ ਭੋਗਦਾ ਹੈ। ਗੁਰੂ ਨਾਲ ਪਿਆਰ ਰੱਖਣ ਵਾਲਾ ਵਿਅਕਤੀ ਪਰਮਾਤਮਾ ਦੇ ਨਾਮ ਰੂਪੀ ਜਹਾਜ ਤੇ ਸਵਾਰ ਹੋ ਕੇ ਅਨੰਦਮਈ ਜੀਵਨ ਬਤੀਤ ਕਰਦਾ ਹੈ।"

**ਸਿਰ ਜਾਏ ਤਾ ਜਾਏ - A Lecture on the Life and Shaheedi of Bhai Taru Singh ji**
**By Er. S. Karamjit Singh Noor (India) : https://youtu.be/xDgTN9ftJsc**

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

ਭਾਦਰੋਂ ਦੇ ਮਹੀਨੇ ਦੀ ਕਾਵਿਕ ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ
ਜਲੰਧਰ (ਭਾਰਤ) 9815023970



ਭਾਦੋਂ ਮਹੀਨੇ ਭਰਮ 'ਚ ਭੁੱਲਿਆ,
ਆਪਣਾ ਛੱਡ ਦੂਜੇ ਤੇ ਡੁੱਲਿਆ ।
ਬੇਸ਼ਕ ਲੱਖ ਲਾਵੇ ਸ਼ਿੰਗਾਰ,
ਓਹ ਨੇ ਸਾਰੇ ਹੀ ਬੇਕਾਰ ।
ਜਿਸ ਦਿਨ ਇਸਦੀ ਹੁੰਦੀ ਬੱਸ,
ਪ੍ਰੇਤ ਆਖ ਸਭ ਜਾਂਦੇ ਨੱਸ ।
ਜਮਦੂਤਾਂ ਜਦ ਆਣ ਪਕੜਨੈ,
ਨਹੀਂ ਦੱਸਨਾ ਕਿੱਥੇ ਖੜਨੈ ।
ਲ਼ਗਦੇ ਸੀ ਜੋ ਬੜੇ ਪਿਆਰੇ,
ਪਲ ਵਿਚ ਸਾਥ ਛੱਡ ਗਏ ਸਾਰੇ ।
ਹੱਥ ਮੁੜੇ ਤਨ ਕੰਬਣ ਲੱਗਾ,
ਕਾਲਾ ਜਿਸਮ ਹੋ ਗਿਆ ਬੱਗਾ ।
ਜੋ ਜੋ ਕਰਮ ਕਮਾਉਂਦੈ ਬੰਦਾ,
ਓਸੇ ਦਾ ਫਲ ਪਾਉਂਦੈ ਬੱਦਾ ।
ਨਾਨਕ ਸ਼ਰਨ ਪ੍ਰਭੂ ਦੀ ਫੜੀਏ,
ਚਰਨਾਂ ਦੇ ਬੇੜੇ ਤੇ ਚੜ੍ਹੀਏ।
ਨਾਲ ਗੁਰੂ ਦੇ ਪਿਆਰ ਜੋ ਪਾਂਦਾ,
ਨਹੀਂ ਕਦੇ ਨਰਕਾਂ ਨੂੰ ਜਾਂਦਾ



## ਗੁਰ ਮੂਰਤਿ ਗੁਰ ਸ਼ਬਦ ਹੈ॥

ਪ੍ਰੋਫ਼ੈਸਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਮੂਰਤਿ ਦਾ ਅਰਥ ਆਕਾਰ, ਸ਼ਕਲ, ਪ੍ਰਤਿਮਾਂ ਜਾਂ ਤਸਵੀਰ ਹੈ। ਕਈ ਧਾਰਮਿਕ ਮਤਾਂ ਤੇ ਸੰਪਰਦਾਵਾਂ ਦੇ ਸ਼ਰਧਾਲੂ ਆਪਣੇ ਇਸ਼ਟ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦੀ ਪੂਜਾ ਕਰਦੇ ਹਨ ਪਰ ਗੁਰਮਤਿ ਵਿਚ ਮੂਰਤੀ ਪੂਜਾ ਦਾ ਵਿਰੋਧ ਕੀਤਾ ਗਿਆ ਹੈ। ਗੁਰਬਾਣੀ ਵਿਚ ਨਿਰਗੁਣ ਬ੍ਰਹਮ ਦੀ ਪੂਜਾ ਕਰਨ ਦਾ ਵਿਧਾਨ ਹੈ ਜਿਸਦਾ ਕੋਈ ਰੂਪ ਰੰਗ ਜਾਂ ਰੇਖ ਭੇਖ ਨਹੀ।

ਸਲੋਕੁ ॥ ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥ ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥1॥ (ਅੰਗ- 283)॥

ਗੁਰੂ ਨਾਨਕ ਦੇਵ ਜੀ ਨੇ ਮੂਰਤੀ ਪੁਜਾਰੀ ਬਾਰੇ ਦੱਸਿਆ ਹੈ ਕਿ ਮੂਰਤੀ ਉਸਨੂੰ ਕੁਝ ਨਹੀ ਦੇਂਦੀ ਉਹ ਆਪ ਤਾਂ ਮੰਗਕੇ ਖਾਂਦਾ ਹੈ।

ਸਲੋਕ ॥ ਘਰਿ ਨਾਰਾਇਣੁ ਸਭਾ ਨਾਲਿ॥ ਪੂਜ ਕਰੇ ਰਖੈ ਨਾਵਾਲਿ॥ ਕੁੰਗੂ ਚੰਨਣੁ ਫੁਲ ਚੜਾਏ॥ ਪੈਰੀ ਪੈ ਪੈ ਬਹੁਤੁ ਮਨਾਏ॥ ਮਾਣੂਆ ਮੰਗਿ ਮੰਗਿ ਪੈਨ੍ਹੈ ਖਾਇ॥(ਅੰਗ- 1240)॥

ਪੁਜਾਰੀ ਆਪਣੇ ਘਰ ਵਿਚ ਬਹੁਤ ਸਾਰੀਆਂ ਮੂਰਤੀਆਂ ਤੇ ਠਾਕੁਰਾਂ ਦੀਆ੍ਹਂ ਮੂਰਤੀਆਂ ਦੀ ਪੂਜਾ ਕਰਦਾ ਹੈ ਉਨ੍ਹਾਂ ਨੂੰ ਇਸ਼ਨਾਨ ਕਰਾਂਦਾ ਹੈ, ਕੇਸਰ ਚੰਦਨ ਦੇ ਫੁਲ ਭੇਟ ਕਰਦਾ ਹੈ, ਉਸਦੇ ਪੈਰਾਂ ਉੱਤੇ ਸਿਰ ਰੱਖਕੇ ਉਸਨੂੰ ਪ੍ਰਸੰਨ ਕਰਨ ਦਾ ਯਤਨ ਕਰਦਾ ਹੈ, ਪਰ ਆਪ ਹੋਰਨਾ ਪਾਸੋਂ ਮੰਗ ਮੰਗ ਕੇ ਖਾਂਦਾ ਤੇ ਪਹਿਨਦਾ ਹੈ।ਗੁਰੂ ਅਰਜਨ ਦੇਵ ਜੀ ਨੇ ਸਮਝਾਇਆ ਹੈ।

ਸੂਹੀ ॥ ਜਿਸੁ ਪਾਹਣ ਕਉ ਠਾਕੁਰੁ ਕਹਤਾ॥ ਓਹੁ ਪਾਹਣੁ ਲੈ ਉਸ ਕਉ ਡੁਬਤਾ॥2॥ ਗੁਨਹਗਾਰ ਲੂਣ ਹਰਾਮੀ॥ ਪਾਹਣ ਨਾਵ ਨ ਪਾਰਗਿਰਾਮੀ ॥3॥ ॥(ਅੰਗ-739)॥

ਗੁਰਬਾਣੀ ਵਿਚ ਭਗਤਾਂ ਨੇ ਵੀ ਮੂਰਤੀ ਪੂਜਾ ਦਾ ਬੜੇ ਤਰਕ ਨਾਲ ਖੰਡਨ ਕੀਤਾ ਹੈ।

ਭਗਤ ਨਾਮਦੇਵ ਜੀ ਦਾ ਕਥਨ ਹੈ ਕਿ ਇਕ ਪੱਥਰ ਦੀ ਮੂਰਤੀ ਦੀ ਪੂਜਾ ਹੁੰਦੀ ਹੈ ਪਰ ਦੂਜੇ ਪੱਥਰ ਉਤੇ ਪੈਰ ਰੱਖ ਕੇ ਤੁਰਦੇ ਹਨ ਫ਼ਿਰ ਤਾਂ ਰਾਹ ਦਾ ਉਹ ਪੱਥਰ ਵੀ ਦੇਵਤਾ ਹੋਇਆ।

ਏਕੈ ਪਾਥਰ ਕੀਜੈ ਭਾਉ॥ ਦੂਜੈ ਪਾਥਰ ਧਰੀਐ ਪਾਉ॥ ਜੇ ਓਹੁ ਦੇਉ ਤ ਓਹੁ ਭੀ ਦੇਵਾ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥4॥1॥ ॥ (ਅੰਗ-525)॥

ਭਗਤ ਕਬੀਰ ਜੀ ਕਹਿੰਦੇ ਹਨ:

ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ ॥ ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥3॥ ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ ॥ ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ ॥4॥ ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ ॥ ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ ॥5॥ (ਅੰਗ-479)॥

ਮੂਰਤੀ ਘਾੜਾ ਮੂਰਤੀ ਦੀ ਛਾਤੀ ਉੱਤੇ ਪੈਰ ਰੱਖਕੇ ਮੂਰਤੀ ਘੜਦਾ ਹੈ। ਜੇ ਇਹ ਸੱਚੀ ਦੇਵਤਾ ਹੁੰਦੀ ਤਾਂ ਘੜਨ ਵਾਲੇ ਨੂੰ ਹੀ ਖਾ ਜਾਂਦੀ। ਭਾਤ ਆਦਿ ਤਾਂ ਪੁਜਾਰੀ ਛੱਕਦਾ ਹੈ, ਮੂਰਤੀ ਦੇ ਮੂੰਹ ਵਿਚ ਕੁਝ ਵੀ ਨਹੀਂ ਪੈਂਦਾ। ਜਗਤ ਭੁਲੇਖੇ ਵਿਚ ਪਿਆ ਹੈ। ਪਰ ਅਸਾਂ ਇਹ ਗਲਤੀ ਨਹੀਂ ਕਰਨੀ।

ਗੁਰਬਾਣੀ ਵਿਚ ਗੁਰੂ ਦੇ ਉਪਦੇਸ਼ ਨੂੰ ਹੀ ਗੁਰੂ ਮੰਨਿਆ ਗਿਆ ਹੈ। ਭਾਵੇਂ ਵਿਅੱਕਤੀ ਰੂਪ ਵਿਚ ਦਸ ਗੁਰੂ ਸਾਹਿਬਾਨ ਪ੍ਰਗਟ ਹੋਏ ਪਰ ਉਨਾਂ ਵੀ 'ਸ਼ਬਦ' ਨੂੰ ਹੀ ਆਪਣਾ ਗੁਰੂ ਮੰਨਿਆ। ਗੁਰੂ ਨਨਾਕ ਦੇਵ ਜੀ ਨੇ ਸਿੱਧਾਂ ਦੇ ਇੱਕ ਸਵਾਲ:

"ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸਕਾ ਤੂ ਚੇਲਾ"॥ ਦਾ ਜਵਾਬ ਦਿੱਤਾ ਸੀ:

"ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ"॥

ਗੁਰੂ ਅਮਰਦਾਸ ਜੀ ਅਨੁਸਾਰ ਭਾਵੇਂ ਸੰਸਾਰਕ ਜੀਵ ਸਤਿਗੁਰੂ ਦਰਸ਼ਨ ਕਰਦਾ ਹੈ ਪਰ ਇਸ ਨਾਲ ਮੁਕਤੀ ਨਹੀਂ ਮਿਲਦੀ ਜਦ ਤਾਂਈਂ ਜੀਵ ਸਤਿਗੁਰੂ ਦੇ ਸ਼ਬਦ ਦੀ ਵਿਚਾਰ ਨਹੀਂ ਕਰਦਾ।

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥ {ਅੰਗ- 594}॥

ਪਹਿਲੇ ਤਿੰਨ ਗੁਰੂ ਸਾਹਿਬਾਨ ਦੇ ਸਪੁੱਤਰ ਆਪਣੇ ਪਿਤਾ ਗੁਰੂ ਜੀ ਦੇ ਦਰਸ਼ਨ ਰੋਜ਼ ਕਰਦੇ ਹੋਣਗੇ ਪਰ ਕਿਸੇ ਨੂੰ ਵੀ ਗੁਰਗੱਦੀ ਨਹੀ ਮਿਲੀ। ਗੁਰੂ ਰਾਮਦਾਸ ਜੀ ਨੇ ਆਪਣੇ ਸਭ ਤੋਂ ਛੋਟੈ ਸਪੁੱਤਰ ਅਰਜਨ ਦੇਵ ਜੀ ਨੂੰ ਗੁਰੂ ਚੁਣਿਆ ਕਿਉਂਕਿ ਉਹ ਗੁਰੂ ਦੀ ਆਗਿਆ ਦਾ ਪਾਲਨ ਕਰਦੇ ਸਨ । ਗੁਰੂ ਗੋਬਿੰਦ ਸਿੰਘ ਜੀ ਨੇ ਸ਼ਬਦ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਤੇ ਬਿਰਾਜਮਾਨ ਕੀਤਾ ਹੈ।

"ਮਮ ਆਗਿਆ ਸਭ ਹੀ ਸੁਨੋ, ਸਤਿ ਬਚਨ ਨਿਰਧਾਰ ॥ ਗ੍ਰੰਥ ਗੁਰੂ ਸਮ ਮਾਨਿਓ, ਭੇਦ ਨ ਕੋਊ ਬਿਚਾਰ॥ ਗੁਰੂ ਗ੍ਰੰਥ ਕਲਿਜੁਗ ਭਇਓ, ਸ੍ਰੀ ਗੁਰ ਰੂਪ ਮਹਾਨ॥ ਦਸ ਪਾਤਸ਼ਾਹੀਆਂ ਰੂਪ ਇਹ, ਗੁਰੂ ਗ੍ਰੰਥ ਜੀ ਜਾਨ॥

ਭਾਈ ਗੁਰਦਾਸ ਜੀ ਦੀਆਂ ਵਾਰਾਂ ਅਨੁਸਾਰ:

ਗੁਰ ਸ਼ਬਦ ਸੁਣ ਸਾਧ ਸੰਗਤ ਆਸਨ ਨਿਰੰਕਾਰੀ॥11/2॥ ਅਤੇ

ਸਤਿਗੁਰ ਦਰਸਨੁ ਦੇਖਿ ਧਿਆਨ ਧਰਾਇਆ॥ ਸਤਿਗੁਰ ਸਬਦੁ ਵੀਚਾਰਿ ਗਿਆਨੁ ਕਮਾਇਆ॥20/14॥

ਗੁਰਸਿਖ ਸਤਿਗੁਰ ਦਾ ਦਰਸ਼ਨ ਕਰਕੇ ਹਿਰਦੇ ਵਿਚ ਧਿਆਨ ਧਰਦਾ ਹੈ। ਉਹ ਗੁਰਮੂਰਤ ਸ਼ਬਦ ਦੀ ਵੀਚਾਰ ਕਰਕੇ ਸਤਿਗੁਰੂ ਦੇ ਬਖਸ਼ੇ ਗਿਆਨ ਅਨੁਸਾਰ ਕਮਾਈ ਕਰਦਾ ਹੇ।

ਭਾਵੇਂ ਸਿੱਖਾਂ ਵਿਚ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਦਾ ਪ੍ਰਚਲਨ ਹੈ ਪਰ ਇਹ ਅਸਲ ਨਹੀਂ, ਕਲਾਕਾਰਾਂ ਦੀ ਕਲਪਨਾ ਮਾਤਰ ਹਨ। ਗੁਰਸਿੱਖ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਹੀ ਮੱਥਾ ਟੇਕਣਾ ਹੈ। ਹੋਰ ਕਿਸੇ ਮੂਰਤੀ ਜਾਂ ਤਸਵੀਰ ਦੀ ਪੂਜਾ ਨਹੀ ਕਰਨੀ ਚਾਹੀਦੀ।

*

## ਮੀਰੀ ਪੀਰੀ ਸਤਿਗੁਰ (ਗੀਤ)*

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ- ਕੈਲਗਰੀ* (ਕੈਨੇਡਾ) *



ਮੀਰੀ ਪੀਰੀ ਸਤਿਗੁਰ, ਕੌਤਕ ਰਚਾ ਗਏ।
ਪਹਿਨ ਤਲਵਾਰਾਂ ਠੱਲ੍ਹ, ਜ਼ੁਲਮਾਂ ਨੂੰ ਪਾ ਗਏ।

ਸੀਸ ਉੱਤੇ ਬਾਬਾ ਬੁੱਢਾ, ਜੀ ਦਾ ਵਰਦਾਨ ਹੈ
ਨਾਨਕ ਦੀ ਜੋਤ ਉਹਨਾਂ, ਵਿੱਚ ਵਿਦਮਾਨ ਹੈ
ਮੀਰੀ ਅਤੇ ਪੀਰੀ ਦੇ ਉਹ, ਮਾਲਕ ਕਹਾ ਗਏ
ਪਹਿਨ.....

ਸੁੱਚਿਆਂ ਵਿਚਾਰਾਂ ਵਾਲਾ, ਦਿਲਾਂ ਦਾ ਉਹ ਪਾਤਸ਼ਾਹ
ਬੰਦੀ ਹੈ ਬਣਾਇਆ ਉਹਨੂੰ, ਦਿੱਲੀ ਵਾਲੇ ਬਾਦਸ਼ਾਹ
'ਬੰਦੀ ਛੋੜ' ਬਣ ਬੰਦੀਆਂ ਨੂੰ ਉਹ ਛੁਡਾ ਗਏ
ਪਹਿਨ......

ਭਗਤੀ 'ਚ ਸ਼ਕਤੀ ਵੀ, ਉਸ ਨੇ ਰਚਾਈ ਏ
ਮੋਈ ਹੋਈ ਕੌਮ 'ਚ, ਦੁਬਾਰਾ ਜਾਨ ਪਾਈ ਏ
ਸਾਹਮੇਂ ਹਰਿਮੰਦਰ ਅਕਾਲ ਤਖ਼ਤ ਬਣਾ ਗਏ
ਪਹਿਨ.....

ਬਖਸ਼ਿਆ ਖੰਡੇ ਵਾਲਾ, ਕੌਮ ਨੂੰ ਨਿਸ਼ਾਨ ਹੈ
ਕਵੀਆਂ ਤੇ ਢਾਡੀਆਂ ਦਾ, ਦਿਲੋਂ ਸਨਮਾਨ ਹੈ
ਬੀਰ ਰਸ ਰਾਹੀਂ, ਸੂਰਬੀਰ ਉਹ ਬਣਾ ਗਏ
ਪਹਿਨ.....

ਧਰਮੀ ਤੇ ਯੋਧੇ ਸਿੱਖ, ਕੌਮ ਨਾਲ ਜੋੜ ਕੇ
ਦੇਸ਼ 'ਚੋਂ ਗੁਲਾਮੀ ਵਾਲੇ, ਸੰਗਲਾਂ ਨੂੰ ਤੋੜ ਕੇ
ਨਵਾਂ ਇਤਿਹਾਸ ਇੱਕ, 'ਦੀਸ਼' ਉਹ ਰਚਾ ਗਏ
ਪਹਿਨ.....

ਪੁਸਤਕ
ਜਿਨੀ ਨਾਮੁ ਧਿਆਇਆ ਵਿਚੋਂ

*ਗੁਰਦੀਸ਼ ਕੌਰ ਗਰੇਵਾਲ- ਕੈਲਗਰੀ*
*ਵਟਸਐਪ: +91 98728 60488*

ਸ੍ਰੀ ਗੁਰੂ ਨਾਨਕ ਜੀ ਦੀ ਨਿਆਰਾ ਇਨਕਲਾਬ: ਭਾਗ 3 – ਨਾਮ ਦਾ ਸੰਕਲਪ

ਡਾ. ਕਾਬਲ ਸਿੰਘ, ਡਾ, ਬਲਦੇਵ ਸਿੰਘ, ਐਡਮਿੰਟਨ (ਕੈਨੇਡਾ)

**(ਲੜੀ ਜੋੜਨ ਲਈ ਪਹਿਲੇ 2 ਭਾਗ ਪੜ੍ਹੋ ਜੀ)**



**ਪਿਛੋਕੜ:**

ਗੁਰੂ ਨਾਨਕ ਜੀ ਤੋਂ ਪਹਿਲਾਂ ਬਹੁਤੇ (ਅਖੌਤੀ) ਧਾਰਮਿਕ ਆਗੂ ਪ੍ਰਮਾਤਮਾ ਤਕ ਪਹੁੰਚਣ, ਮੁਕਤੀ ਪ੍ਰਾਪਤੀ, ਅਤੇ ਦੁਨਿਆਵੀ ਇਛਾਵਾਂ ਦੀ ਪੂਰਤੀ ਲਈ ਵੱਖ ਵੱਖ ਵਿਧੀਆਂ (ਜਿਵੇਂ ਹਠ ਯੋਗ, ਸੰਨਿਆਸ ਲੈਣਾ, ਬ੍ਰਹਮ-ਆਸ਼ਰਮ ਦਾ ਪਾਲਣ, ਜੰਗਲਾਂ ਪਹਾੜਾਂ ਆਦਿ ਤੇ ਜਾ ਕੇ ਤਪਸਿਆ, ਸਮਾਧੀਆਂ ਤੇ ਜਾਪ, ਮੂਰਤੀ ਪੂਜਾ, ਤੀਰਥਾਂ ਦੇ ਦਰਸ਼ਨ-ਇਸ਼ਨਾਨ, ਦੇਹਧਾਰੀ ਗੁਰੂ ਧਾਰਨਾ, ਕਈ ਤਰ੍ਹਾਂ ਦੇ ਵਰਤ ਰਖਣੇ, ਯਗ ਤੇ ਹਵਨ ਕਰਨਾ, ਪੁੰਨ ਦਾਨ ਵਾਲੇ ਕੰਮ, ਤੰਤਰ-ਮੰਤਰ, ਟੂਣੇ, ਧਾਗੇ, ਤਵੀਤ ਵਰਗੇ ਅਨੇਕਾਂ ਕਰਮ ਕਾਂਡ) ਜ਼ਰੂਰੀ ਦਸ ਕੇ ਵਰਗਲਾਉਂਦੇ ਸਨ। ਪਾਪ-ਪੁੰਨ, ਨਰਕ-ਸੁਰਗ, ਜਾਤ-ਪਾਤ ਤੇ ਊਚ-ਨੀਚ ਦੇ ਭਰਮ ਪਾ ਕੇ ਭੋਲੇ ਭਾਲੇ ਲੋਕਾਂ ਨੂੰ ਧਰਮ ਦੀਆਂ ਅਸਲੀ ਸਿਖਿਆਵਾਂ ਤੋਂ ਵਾਂਝਿਆ ਰੱਖਿਆ ਜਾਂਦਾ। ਇਸ ਕਰਕੇ ਲੋਕ ਸਦੀਆਂ-ਬਸਦੀਆਂ ਚਲਾਕ ਪੁਜਾਰੀ ਸ਼੍ਰੇਣੀ ਦੀ ਲੁਟ ਦਾ ਸ਼ਿਕਾਰ ਬਣਦੇ ਰਹੇ।

**ਨਾਮ ਸ਼ਬਦ ਦੇ ਅਰਥ:** ਭਾਈ ਕਾਹਨ ਸਿੰਘ ਨਾਭਾ ਰਚਿਤ “ਮਹਾਨ ਕੋਸ਼” ਅਨੁਸਾਰ, "ਕਿਸੇ ਵਸਤੂ ਦੇ ਬੋਧ ਕਰਾਉਣ ਵਾਲਾ ਸ਼ਬਦ ਜਿਸ ਕਰਕੇ ਅਰਥ ਜਾਣਿਆ ਜਾਵੇ ਸੋ ਨਾਮ ਹੈ।"(ਪੰਨਾ 2451)।

ਮਨੁੱਖ ਨੇ ਆਪਣੀ ਸੋਚ ਮੁਤਾਬਿਕ ਪਰਮਾਤਮਾ ਦੇ ਅਨੇਕਾਂ ਨਾਂ ਰਖੇ ਹਨ: ਜਿਵੇਂ ਹਰੀ, ਈਸ਼ਵਰ, ਰਾਮ, ਨਿਰੰਕਾਰ, ਪਾਰਬ੍ਰਹਮ, ਅਵਿਨਾਸ਼ੀ, ਨਿਰੰਜਨ, ਮੁਰਾਰੀ, ਗੋਪਾਲ, ਗੋਬਿੰਦ, ਕਰਤਾਰ, ਪ੍ਰਭੂ, ਮੋਹਨ, ਮਾਧੋ, ਨਾਰਾਇਣ, ਵਾਸਦੇਵ, ਬਨਵਾਰੀ, ਗੋਸਾਂਈ, ਅੱਲਾਹ, ਖ਼ੁਦਾ, ਕਾਦਿਰ, ਕਰੀਮ, ਪਰਵਰਦਗਾਰ, ਰਹੀਮ, ਮਉਲਾ, ਆਦਿ। ਹੋਰਨਾਂ ਭਾਸ਼ਾਵਾਂ ਵਿੱਚ ਵੀ ਅਨੇਕਾਂ ਨਾਮ ਹਨ। "ਨਾਮ" ਸ਼ਬਦ ਸਿਰਜਨਹਾਰ ਲਈ ਵਰਤਿਆ ਹੈ।

**ਜੇਤਾ ਕੀਤਾ ਤੇਤਾ ਨਾਉ॥**
**ਵਿਣ ਨਾਵੈ ਨਾਹੀ ਕੋ ਥਾਉ॥** (ਅੰਕ 4)।

ਗੁਰੂ ਅਰਜਨ ਸਾਹਿਬ ਨੇ ਸੁਖਮਨੀ ਸਾਹਿਬ ਵਿੱਚ ਫੁਰਮਾਇਆ ਹੈ ਕਿ ਨਾਮ ਨੇ ਸਾਰੀ ਰਚਨਾ ਰਚੀ ਹੈ ਫਿਰ ਆਪ ਹੀ ਇਸ ਵਿਚ ਆਸਨ ਲਗਾ ਕੇ ਪਾਲ ਰਿਹਾ ਹੈ। (16ਵੀਂ ਅਸ਼ਟਪਦੀ, ਅੰਕ 284)।

ਗੁਰਬਾਣੀ ਅਨੁਸਾਰ ਨਾਮ ਹੀ ਸੱਚਾ ਧਨ ਹੈ, ਨਾਮ ਹੀ ਸੱਚਾ ਸੁੱਖ ਹੈ, ਨਾਮ ਹੀ ਸੱਚਾ ਰਾਜ ਹੈ ਅਤੇ ਸੱਚਾ ਸਬੰਧੀ-ਸਹਾਇਕ ਹੈ। ਹਰਿ-ਨਾਮ ਉਹ ਅਮੋਲਕ ਪੂੰਜੀ ਹੈ ਜਿਸ ਨੂੰ ਪਾ ਕੇ ਜੀਵ ਸਦਾ ਲਈ ਜਨਮ-ਮਰਨ ਦੇ ਬੰਧਨਾਂ ਤੋਂ ਆਜ਼ਾਦ ਹੋ ਜਾਂਦਾ ਹੈ ਅਤੇ ਪਰਮ ਆਨੰਦ ਦਾ ਭਾਗੀ ਬਣ ਜਾਂਦਾ ਹੈ:

**ਤੇਰਾ ਏਕੁ ਨਾਮੁ ਤਾਰੇ ਸੰਸਾਰੁ॥** (ਅੰਕ 29)
**ਨਾਮੁ ਧਨੁ ਨਾਮੁ ਸੁਖ ਰਾਜਾ ਨਾਮੁ ਕੁਟੰਬ ਸਹਾਈ॥**
**ਨਾਮੁ ਸੰਪਤਿ ਗੁਰਿ ਨਾਨਕ ਕਉ ਦੀਈ ਓਹ ਮਰੈ ਨ ਆਵੈ ਜਾਈ॥** (ਅੰਕ 497)।

**ਰਤਨ ਜਵੇਹਰ ਨਾਮ॥**
**ਸਤੁ ਸੰਤੋਖੁ ਗਿਆਨ॥** (ਅੰਕ 893)।

**ਅੰਮ੍ਰਿਤ ਨਾਮ ਠਾਕੁਰ ਕਾ ਪਇਓ**
**ਜਿਸ ਕਾ ਸਭਸ ਅਧਾਰੋ॥** (ਅੰਕ 1429)।

ਪ੍ਰਮਾਤਮਾ ਦੇ ਕਿਰਤਮ (ਮਨੁਖ ਦੇ ਬਣਾਏ) ਨਾਮ ਤਾਂ ਸਪਸ਼ਟ ਹਨ, ਜੀਭ ਇਹੀ ਨਾਮ ਉਚਾਰਦੀ ਹੈ। ਪਰ ਪ੍ਰਭੂ ਦਾ ਸੱਚਾ ਨਾਮ ਕੇਵਲ ਗੁਰਬਾਣੀ ਵਿੱਚ ਦੱਸੀ ਸਿੱਖਿਆ ਨੂੰ ਸਮਝ ਕੇ, ਉਸ ਉਤੇ ਚੱਲ ਕੇ, ਅਤੇ ਗੁਰਮਤਿ ਨੂੰ ਆਪਣੇ ਜੀਵਨ ਵਿੱਚ ਢਾਲਣ ਨਾਲ ਹੀ ਅੰਦਰੋਂ ਪ੍ਰਗਟ ਹੁੰਦਾ ਹੈ। ਇਸ ਲਈ ਸਤਿਗੁਰੂ ਦੀ ਮਿਹਰ ਅਤੇ ਅੰਦਰੂਨੀ ਤੇ ਬਾਹਰੀ ਸਤਿ ਸੰਗਤ ਜ਼ਰੂਰੀ ਹੈ ਜੋ ਭਾਗਾਂ ਨਾਲ ਹੀ ਮਿਲਦੀ ਹੈ।

**ਨਾਮ ਸਾਧਨਾ:** ਗੁਰਬਾਣੀ ਦੇ ਅਨੁਸਾਰ 'ਨਾਮ' ਕੇਵਲ ਸੰਗਿਆ ਨਹੀ ਸਗੋਂ ਇੱਕ ਸਾਧਨਾ ਹੈ। ਨਾਮ ਸਾਧਨਾ ਨਾਲ ਕੁਮਤਿ ਦੀ ਮੈਲ ਦੂਰ ਹੋ ਜਾਂਦੀ ਹੈ ਅਤੇ ਸੂਖਮ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਾਰ ਵਾਰ ਨਾਮ ਸਾਧਨਾ ਦੀ ਤਾਕੀਦ ਕੀਤੀ ਗਈ ਹੈ ਅਤੇ ਰੂਪ ਤੋਂ ਅਰੂਪ ਵਲ ਜਾਣ ਵਿੱਚ 'ਨਾਮ' ਦੀ ਭੂਮਿਕਾ ਮਹੱਤਵ ਪੂਰਣ ਦਸੀ ਗਈ ਹੈ। ਕੁਝ ਉਦਾਹਰਣਾ:-

**ਭਰੀਐ ਮਤਿ ਪਾਪਾ ਕੈ ਸੰਗਿ॥**
**ਓਹੁ ਧੋਪੈ ਨਾਵੈ ਕਿ ਰੰਗਿ॥** (ਅੰਕ 4)।

**ਜਿਨ ਹਰਿ ਹਰਿ ਹਰਿ ਰਸੁ ਨਾਮ ਨ ਪਾਇਆ**
**ਤੇ ਭਾਗਹੀਣ ਜਮ ਪਾਸਿ॥** (ਅੰਕ 10)।

**ਜਨ ਨਾਨਕ ਨਾਮ ਅਧਾਰੁ ਟੇਕ ਹੈ**
**ਹਰਿ ਨਾਮੇ ਹੀ ਸੁਖੁ ਮੰਡਾ ਹੇ॥**(ਅੰਕ 13)।

**ਏਕੋ ਨਾਮ ਹੁਕਮੁ ਹੈ ਨਾਨਕ**
**ਸਤਿਗੁਰਿ ਦੀਆ ਬੁਝਾਇ ਜੀਉ॥** (ਅੰਕ 72)।

**ਜਿਨੀ ਹਰਿ ਹਰਿ ਨਾਮ ਨ ਚੇਤਿਓ**
**ਸੇ ਅੰਤਿ ਗਏ ਪਛੁਤਾਇ॥** (ਅੰਕ 82)।

**ਜਮਕਾਲ ਤਿਸੁ ਨੇੜਿ ਨ ਆਵੈ**
**ਜੋ ਹਰਿ ਹਰਿ ਨਾਮ ਧਿਆਇਆ॥** (ਅੰਕ 111)।

**ਹਰਿ ਜਨ ਹਰਿ ਹਰਿ ਨਾਮਿ ਸਮਾਣੇ**
**ਦੁਖ ਜਨਮ ਮਰਣ ਭਵ ਖੰਡਾ ਹੇ॥** (ਅੰਕ 171)

**ਨਾਨਕ ਨਾਮੁ ਮਹਾ ਰਸੁ ਮੀਠਾ**
**ਗੁਰਿ ਪੂਰੈ ਸਚੁ ਪਾਇਆ॥** (ਅੰਕ 243)।

**ਸਰਬ ਰੋਗ ਕਾ ਅਉਖਦੁ ਨਾਮੁ॥** (ਅੰਕ 274)।

**ਏਕ ਨਾਮ ਕਲਿਪ ਤਰ ਤਾਰੇ॥** (ਅੰਕ 330)
**ਛੋਡੀਲੇ ਪਾਖੰਡਾ॥**
**ਨਾਮਿ ਲਇਐ ਜਾਹਿ ਤਰੰਦਾ॥** (ਅੰਕ 471)।
**ਰਾਮ ਨਾਮ ਸੰਗਿ ਕਰਿ ਬਿਉਹਾਰਾ**
**ਪਾਵਹਿ ਪਦੁ ਨਿਰਬਾਨੀ॥** (ਅੰਕ 614)।

**ਹਰਿ ਕਾ ਨਾਮੁ ਅੰਮ੍ਰਿਤੁ ਕਲਿ ਮਾਹਿ॥**(ਅੰਕ 888)।

**ਸਤਿਗੁਰ ਤੇ ਨਾਮੁ ਪਾਈਐ**
**ਅਉਧੂ ਜੋਗ ਜੁਗਤਿ ਤਾ ਹੋਈ॥** (ਅੰਕ 946)।

**ਨਾਮੁ ਵਿਸਾਰਿ ਚਲਹਿ ਅਨ ਮਾਰਗਿ ਅੰਤ ਕਾਲਿ ਪਛੁਤਾਹੀ॥** (ਅੰਕ 1153)।

**ਗੁਰਮੁਖਿ ਅੰਮ੍ਰਿਤੁ ਨਾਮੁ ਹੈ**
**ਜਿਤੁ ਖਾਧੈ ਸਭ ਭੁਖ ਜਾਇ॥** (ਅੰਕ 1250)।

**ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥** (ਅੰਕ 1429)।

**ਨਾਮ ਸਿਮਰਨ ਨਾਲ ਅਲਖ ਦੇ ਦਰਸ਼ਨ ਹੋਣ ਦਾ ਸੰਦੇਸ਼, ਨਾਨਕ ਹਰਿ ਗੁਣ ਗਾਇ ਅਲਖ ਪ੍ਰਭ ਲਾਖੀਐ॥**(ਅੰਕ 91)।

ਗੁਰਬਾਣੀ ਸਪੱਸ਼ਟ ਸਮਝਾਉਂਦੀ ਹੈ ਕਿ ਸਰਬ-ਵਿਆਪਕ, ਸਰਬ-ਸਮਰਥ ਪ੍ਰਮਾਤਮਾ ਨਾਲ ਪਿਆਰ ਦ੍ਰਸਾਉਣ, ਉਸਦੀ ਕ੍ਰਿਪਾ ਦਾ ਪਾਤਰ ਬਣਨ, ਅਤੇ ਉਸ ਨਾਲ ਸਦੀਵੀ ਮਿਲਾਪ ਯਾਨਿ 'ਜੀਵਨ-ਮੁਕਤੀ' ਲਈ ਪਹਲਿਾਂ ਦਸੇ ਜਾਂਦੇ ਧਾਰਮਿਕ ਕਰਮ-ਕਾਂਡ ਕਰਨੇ ਬੇਲੋੜੇ ਹਨ ਤੇ ਮਨੁਖ ਨੂੰ ਸੱਚ ਦੇ ਮਾਰਗ ਤੋਂ ਭਟਕਾਉਣ ਤੇ ਹਉਮੈ ਵਧਾਉਣ ਵਾਲੇ ਹਨ। ਪਰਿਵਾਰ ਵਿੱਚ ਰਹਿੰਦਿਆਂ '*ਨਾਮ ਸਾਧਨਾ ਜਾਂ ਅਭਿਆਸ*' ਦੁਆਰਾ ਹਰੀ ਦੇ ਗੁਣਾਂ ਨੂੰ ਹਰ ਪਲ ਯਾਦ ਰਖਣਾ ਅਤੇ ਆਪਣੀ ਜ਼ਿੰਦਗੀ ਵਿੱਚ ਅਪਨਾਉਣਾ ਹੋਰ ਸਭ ਸਾਧਨਾਂ ਤੋਂ ਸ੍ਰੇਸ਼ਟ ਤੇ ਜ਼ਰੂਰੀ ਹੈ। ਗੁਰੂ ਜੀ ਅਨੁਸਾਰ ਹਰੀ ਦੀ ਅਸਲ ਪੂਜਾ ਜਾਂ ਭਗਤੀ ਨਾਮ ਜਾਂ ਸ਼ਬਦ ਦੀ ਕਮਾਈ ਹੈ, ਜੋ ਸੰਸਾਰੀ ਜੀਵਨ ਦਾ ਅਸਲੀ ਮਕਸਦ ਦੇ ਰਾਹ ਨੂੰ ਸੁਖਾਲਾ ਕਰਦੀ ਹੈ।

**ਸਾਰਅੰਸ਼**: ਗੁਰਮਤਿ ਅਨੁਸਾਰ ਹਰਿ-ਨਾਮ ਜੰਗਲਾਂ ਪਹਾੜਾਂ ਤੇ ਤਪ ਕਰਨ ਨਾਲ, ਤੀਰਥ ਇਸ਼ਨਾਨ ਅਤੇ ਹੋਰਨਾਂ ਕਰਮ-ਕਾਂਡਾਂ ਤੋਂ ਪ੍ਰਾਪਤ ਨਹੀਂ ਹੋ ਸਕਦਾ। ਨਾਮ ਜੋਤ ਰੂਪ ਵਿੱਚ ਹਰ ਜੀਵ ਅੰਦਰ ਹੈ ਅਤੇ ਸਤਿਗੁਰ ਦੀ ਮਿਹਰ ਸਦਕਾ ਪ੍ਰਗਟ ਹੁੰਦਾ ਹੈ। ਨਾਮ ਸਾਧਨਾ ਹੱਠ-ਯੋਗ ਨਹੀਂ ਬਲਕਿ ਸਹਜਿ ਯੋਗ ਹੈ। ਗੁਰੂ ਜੀ ਨੇ ਸਰਲ ਜਿਹਾ ਧਾਰਮਕਿ ਅਮਲ ਪ੍ਰਮਾਤਮਾ ਦਾ ਨਾਮ ਜਪਣਾ ਸਮਝਾਇਆ।

***(ਬਾਕੀ ਭਾਗ ਅਗਲੇ ਅੰਕਾਂ ਵਿਚ ਪੜ੍ਹੋ ਜੀ)***

## ਊੜਾ (ਕਵਿਤਾ)

**ਐਸ਼ਕੁਮ ਐਸ਼ਵਿਕ (ਐਸ਼)**
**ਸੈਨ ਹੋਜ਼ੇ, ਕੈਲੀਫ਼ੋਰਨੀਆ (ਯੂ.ਐੱਸ.ਏ)**
**corpaims@gmail.com**
1 669 255 6012



ਊੜਾ ਏਕ ਉਂਕਾਰ ਪ੍ਰਗਟਾਉਂਦਾ ਊੜਾ ਉਦਾਰਤਾ ਦਾ ਸਰਨਾਈ
ਊੜਾ ਪ੍ਰਤੀਕ ਉੱਤਮਤਾ ਦਾ 'ਤੇ ਊੜਾ ਊਰਜਾ ਦਾ ਹੈ ਹਰਜਾਈ

ਊੜਾ ਹੈ ਉਤਸ਼ਾਹ ਵਧਾਉਂਦਾ   ਊੜਾ ਹੋਵੇ ਵਿੱਚ ਉਤਪਾਦਨ
ਊੜਾ ਉਡੀਕ ਸਮੇਂ ਦੀ ਕਰਦਾ ਊੜਾ ਉਮੜੇ ਵਿੱਚ ਉਦਘਾਟਨ

ਊੜਾ ਉਮੀਦ ਸ਼ਬਦ ਦਾ ਹਾਣੀ ਊੜਾ ਉਡਾਰੀਆਂ ਵੀ ਮਰਵਾਏ
ਊੜਾ ਉਪਦੇਸ਼, ਉਪਜ, ਉਪਾਧੀ ਊੜਾ ਉਤਸੁਕਤਾ ਨੂੰ ਭਰਮਾਏ

ਊੜਾ ਉਸਾਰੂ ਸੋਚ ਨੂੰ ਸੱਦਦਾ ਊੜਾ ਉਲ਼ਝਣਾਂ ਵਿੱਚੋਂ ਕੱਢਦਾ
ਊੜਾ ਉੱਪਰ ਲਿਆਉਂਦਾ ਸਾਨੂੰ ਊੜਾ ਉਦਾਹਰਣ ਬਣਾ ਕੇ ਛੱਡਦਾ



## ਲਾਵਾਂ ਦੇ ਪਾਠ ਦੇ ਅਰਥ - ॥ ਸੂਹੀ ਮਹਲਾ ੪॥ ਭਾਗ - 2

ਸਰਦਾਰ ਚਮਕੌਰ ਸਿੰਘ, ਸੈਨ ਡੀਏਗੋ ਕੈਲੀਫੋਰਨੀਆ (ਅਮਰੀਕਾ)



**ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥**

ਅਰਥ - ਹੇ ਪ੍ਰਭੂ ਜੀਓ! ਤੇਰੇ ਤੋਂ ਸਦਕੇ ਹਾਂ। ਮੇਰਾ ਤੇਰੇ ਮਿਲਾਪ ਦਾ ਇਹ ਦੂਜਾ ਕਦਮ ਹੈ। (ਤੂੰ ਮਿਹਰ ਕਰਕੇ ਸੱਚਾ ਗੁਰੂ ਮਿਲਾ ਦਿੱਤਾ ਹੈ।

O Lord! I salute you. With your blessings I have met the true Guru,

ਵਿਆਕਰਣਿਕ ਰੂਪ- ਦੂਜੜੀ-ਦੂਜੀ (ਅਲ਼ਪਾਰਥਕ, ਕਰਮ ਵਾਚਕ ਸੰਖਿਅਕ ਵਿਸ਼ੇਸ਼ਣ), ਸਤਿਗੁਰੁ ਪੁਰਖੁ-ਸੱਚਾ ਗੁਰੂ ਮਹਾ ਪੁਰਖ (ਕਰਮ ਕਾਰਕ), ਬਲਿਰਾਮ ਜੀਉ-ਪ੍ਰਭੂ।

ਅਰਥ- ਹੇ ਪ੍ਰਭੂ! ਮੇਰਾ ਮਨ ਦੁਨੀਆਂ ਤੋਂ ਨਿਡਰ ਹੋ ਕੇ ਸਤਿਗੁਰੂ ਦੇ ਮਿਲਣ ਨਾਲ ਮੈਂ ਮਨ ਦੀ ਹਉਮੈ ਦੀ ਮੈਲ ਖਤਮ ਕਰ ਦਿੱਤੀ ਹੈ।

By meeting the true Guru and following his teachings my mind is free from all worldly fears and my egotism has been eradicated.

ਰੂਪ-ਨਿਰਭਉ-ਨਿਡਰ (ਵਿਸ਼ੇਸ਼ਣ), ਭੈ-ਡਰ (ਅਪਾਦਾਨ ਕਾਰਕ, ਬਹੁ-ਵਚਨ}, ਮਨੁ (ਕਰਤਾ ਕਾਰਕ), ਹੋਇ-ਹੋ ਕੇ ਹਉਮੈ (ਸੰਬੰਧ ਕਾਰਕ, ਇਸਤਰੀ ਲਿੰਗ), ਮੈਲੁ (ਕਰਮ ਕਾਰਕ, ਇਕਵਚਨ, ਇਸਤਰੀ ਲਿੰਗ)।

**ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥**

ਅਰਥ-ਜਿਸ ਨੂੰ ਪ੍ਰਭੂ ਦਾ ਅਦਬ ਹੈ ਅਤੇ ਹਰੀ ਦਾ ਜਸ ਗਾਇਆ ਉਹ ਪ੍ਰਭੂ ਨੂੰ ਆਪਣੇ ਅੰਦਰ ਹੀ ਹਾਜ਼ਰ ਨਾਜ਼ਰ ਦੇਖ ਲੈਂਦਾ ਹੈ।

One who respects the Lord and praises Him realizes Him in his mind.

ਨਿਰਮਲੁ-ਸਾਫ (ਗੁਣ ਵਾਚਕ ਵਿਸ਼ੇਸ਼ਣ) ਭਉ-ਅਦਬ (ਭਾਵ ਵਾਚਕ ਨਾਂਵ, ਕਰਮ ਕਾਰਕ,), ਗਾਇਆ (ਭੂਤ ਕ੍ਰਿਦੰਤ ਅਨਿਸ਼ਚਿਤ ਪੂਰਨ ਵਰਤਮਾਨ ਕਾਲ ਵਿਚ)। ਰਾਮੁ (ਕਰਮ ਕਾਰਕ, ਇਕਵਚਨ), ਹਦੂਰੇ-ਅੰਦਰ (ਅਧਿਕਰਨ)।

**ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ॥**

ਪ੍ਰਭੂ ਨੇ ਆਪਣਾ ਪਸਾਰਾ ਖੁਦ ਪਸਾਰਿਆ ਹੈ। ਹਰ ਇੱਕ ਥਾਂ ਭਰਪੂਰ ਵਸਿਆ ਹੈ।

One who respects the Lord sees Him pervading all over the universe.

ਆਤਮ-ਖੁਦ (ਸੰਪਰਦਾਨ ਕਾਰਕ) ਸੁਆਮੀ-ਮਾਲਕ (ਕਰਤਾ ਕਾਰਕ, ਸੰਮਿਲਤ ਸੰਬੰਧਕ), ਸਰਬ-ਸਭ

(ਅਨਿਸ਼ਚਿਤ ਗਿਣਤੀ ਵਾਚਕ ਵਿਸ਼ੇਸ਼ਣ), ਭਰਪੂਰੇ- ਪੂਰੀ ਤਰਾਂ (ਪ੍ਰਮਾਣ ਵਾਚੀ ਕਿਰਿਆ ਵਿਸ਼ੇਸ਼ਣ)

**ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥**

ਇੰਨਾ ਗੁਣਾਂ ਨੂੰ ਧਾਰਨ ਕਰਕੇ, ਗੁਰੂ ਦੇ ਹੁਕਮ ਨੂੰ ਮੰਨ ਕੇ, ਪ੍ਰਭੂ ਦਾ ਸਤਿਕਾਰ ਕਰ ਕੇ, ਦੁਨਿਆਵੀ ਡਰਾਂ ਨੂੰ ਲਾਹ ਕੇ, ਉਸ ਦਾ ਜਸ ਗਾ ਕੇ, ਗੁਰੂ ਨੂੰ ਸਮਰਪਿਤ ਹੋ ਕੇ, ਪ੍ਰਭੂ ਨੂੰ ਹਰ ਥਾਂ ਵਸਦਾ ਵੇਖ ਕੇ, ਹਰ ਜੀਵ ਵਿੱਚ ਉਹ ਪ੍ਰਭੂ ਹੀ ਪ੍ਰਭੂ ਨਜ਼ਰ ਆਉਂਦਾ ਹੈ। ਫੇਰ ਉਹ ਮਨੁੱਖ ਪ੍ਰਭੂ ਦੇ ਸੇਵਕ ਜਨਾਂ ਨੂੰ ਮਿਲ ਕੇ ਖੁਸ਼ੀ ਦੇ ਗੀਤ ਗਾਉਂਦਾ ਹੈ।

One who meets and respects the true Guru, is free from fears, sees the Lord is in his creation and enjoys bliss.

ਅੰਤਰਿ-ਅੰਦਰ (ਅਧਿਕਰਨ ਕਾਰਕ, ਇਕਵਚਨ}, ਬਾਹਰਿ (ਅਧਿਕਰਨ ਕਾਰਕ), ਏਕੋ (ਨਿਸ਼ਚਿਤ ਗਿਣਤੀ ਵਾਚਕ ਵਿਸ਼ੇਸ਼ਣ), ਮਿਲਿ (ਪੂਰਬ ਪੂਰਨ ਕ੍ਰਿਦੰਤ), ਹਰਿ ਜਨ (ਹਰਿ ਇਥੇ ਸੰਬੰਧ ਕਾਰਕ ਅਤੇ ਜਨ ਕਰਤਾ ਕਾਰਕ, ਸੰਮਿਲਤ ਸੰਬੰਧਕ, ਬਹੁ-ਵਚਨ), ਮੰਗਲ-ਖੁਸ਼ੀ ਦੇ ਗੀਤ (ਕਰਮ ਕਾਰਕ, ਬਹੁ-ਵਚਨ}, ਗਾਏ-ਗਾਏ (ਭੂਤ ਕ੍ਰਿਦੰਤ ਅਨਿਸ਼ਚਿਤ ਪੂਰਨ ਵਰਤਮਾਨ ਕਾਲ ਵਿਚ)।

**ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥**

ਇਹ ਪ੍ਰਭੂ ਮਿਲਾਪ ਦੇ ਲਈ ਦੂਜਾ ਕਦਮ ਹੈ। ਇਥੇ ਕੁਦਰਤ ਦੀ ਲਗਾਤਾਰ ਵਜਦੀ ਧੁਨੀ ਦੇ ਬੋਲ ਦੇ ਵਾਜੇ (ਮਨੁਖ ਦੇ ਅੰਦਰ) ਵਜਦੇ ਹਨ। ਨਾ ਹੀ ਕਿਸੇ ਭੋਰੇ ਵਿੱਚ ਸਮਾਧੀ ਲਾਉਣੀ, ਨਾ ਹੀ ਕੋਈ ਮੈਡੀਟੇਸ਼ਨ, ਪੂਜਾ, ਅਰਚਾ, ਬੰਦਨਾ, ਜੱਗ ਕਰਨਾ, ਕੋਤਰੀਆ ਦੇ ਪਾਂਠ, ਸੰਪਟ ਪਾਂਠ, ਗਿਣਤੀ ਦੇ ਪਾਠ ਕਰਨੇ, ਤੀਰਥ ਯਾਤਰਾ ਜਾਂ ਤੀਰਥ ਇਸ਼ਨਾਨ, ਜੋਗਾ, ਪੁਠਾ ਲਟਕਣਾ, ਵਰਤ ਰੱਖਣੇ, ਸਮਾਧਾ ਤੇ ਮੱਥੇ ਟੇਕਣਾ, ਦਿਨ ਵਾਰ ਮਸਿਆ ਪੁੰਨਿਆ ਮਨਾਉਣੇ ਆਦਿ)।

The second step is to meet the Lord in which there is a melody of nature's continuous sound.

ਜਨ ਨਾਨਕ-ਹੇ ਦਾਸ ਨਾਨਕ (ਸੰਬੋਧਨ ਕਾਰਕ, ਇਕਵਚਨ), ਦੂਜੀ-(ਕਰਮ ਵਾਚਕ ਸੰਖਿਅਕ ਵਿਸ਼ੇਸ਼ਣ}, ਚਲਾਈ-(ਭੂਤ ਕ੍ਰਿਦੰਤ ਨੂੰ ਵਰਤਿਆ ਹੈ ਅਨਿਸ਼ਚਿਤ ਪੂਰਨ ਵਰਤਮਾਨ ਕਾਲ), ਅਨਹਦ- ਇੱਕ ਰਸ (ਗੁਣ ਵਾਚਕ ਵਿਸ਼ੇਸ਼ਣ) ਸਬਦ- ਕੁਦਰਤ ਦੀ ਧੁਨੀ (ਕਰਮ ਕਾਰਕ ਬਹੁਵਚਨ) ਵਜਾਏ (ਭੂਤ ਕ੍ਰਿਦੰਤ ਅਨਿਸ਼ਚਿਤ ਪੂਰਨ ਵਰਤਮਾਨ ਕਾਲ ਵਿਚ)

ਦੂਜੇ ਪਹਿਰੇ ਦਾ ਭਾਵ ਅਰਥ ਹੈ: ਪ੍ਰਭੂ ਦੇ ਮਿਲਾਪ ਲਈ ਦੂਜਾ ਕਦਮ ਹੈ ਕਿ ਜਦੋਂ ਪ੍ਰਭੂ ਨੇ ਮਿਹਰ ਕਰਕੇ ਗੁਣਾ ਵਾਲੇ ਮਹਾਂ ਪੁਰਖ ਸੱਚੇ ਗੁਰੂ ਨੂੰ ਮਿਲਾ ਦਿੱਤਾ ਤਾਂ ਉਸ ਦੇ ਗੁਣ ਧਾਰ ਕੇ, ਸਮਰਪਿਤ ਕਰ ਕੇ, ਪ੍ਰਭੂ ਦਾ ਸਤਿਕਾਰ ਕਰ ਕੇ, ਦੁਨਿਆਵੀ ਡਰਾਂ ਨੂੰ ਲਾਹ ਕੇ, ਹਉਮੈ ਨੂੰ ਛੱਡ ਕੇ, ਪ੍ਰਭੂ ਦੇ ਕੀਤੇ ਕੰਮਾਂ ਦਾ ਜਸ ਗਾ ਕੇ, ਪ੍ਰਭੂ ਨੂੰ ਹਰ ਜੀਵ ਵਿੱਚ ਅਤੇ ਹਰ ਥਾਂ ਵਸਦਾ ਵੇਖ ਕੇ ਇਹੋ ਜਿਹੀ ਜੀਵਨ ਜਾਂਚ ਬਣਾਉਣੀ ਕਿ ਪ੍ਰਭੂ ਦੇ ਇੰਨਾ ਗੁਣਾ ਵਾਲੇ ਸੇਵਕ ਜਨਾਂ ਨੂੰ ਮਿਲ ਕੇ ਜੀਵਨ ਦਾ ਅਨੰਦ ਮਾਣਨਾ ਹੈ।

The second step for the Lord's meeting is when Lord blesses the company of the virtuous true Guru, then one lives life by adopting his virtues, surrendering to Guru, respecting Him, getting free from the worldly fears, eradicating the egotism, and realizing the presence of the Lord everywhere and in everybody. One can thus enjoy the celestial bliss by acquiring the similar virtuous lifestyle.

## ਕੀ ਸਭ ਨੂੰ ਸਮਝਾਇਆ ਜਾ ਸਕਦਾ ਹੈ ਜਾਂ
## ਕੀ ਮਨ ਬਦਲਿਆ ਜਾ ਸਕਦਾ ਹੈ ? ਭਾਗ-2.

ਡਾ: ਦੇਵਿੰਦਰ ਸਿੰਘ ਸੇਖੋਂ, ਕੈਨੇਡਾ

ਜਦ 1521 ਈਸਵੀ ਵਿੱਚ ਬਾਬਰ ਨੇ ਐਮਨਾਬਾਦ 'ਤੇ ਹਮਲਾ ਕੀਤਾ ਤਾਂ ਬੇਗੁਨਾਹ ਸ਼ਹਿਰੀਆਂ ਤੇ ਅਤਿ ਜ਼ੁਲਮ ਢਾਹੁਣ ਕਰਕੇ ਗੁਰੂ ਸਾਹਿਬ ਨੇ ਉਸਨੂੰ ਢੇਰ ਲਾਹਨਤਾਂ ਪਾਈਆਂ ਅਤੇ ਉਸਦੇ ਸੈਨਕਾਂ ਨੂੰ ਕੁੱਤੇ ਆਖਿਆਂ ਜਿਹਨਾਂ ਨੇ ਹੀਰੀਆਂ ਵਰਗੇ ਸ਼ਹਿਰੀਆਂ ਨੂੰ ਮਾਰ ਕੇ ਮਿੱਟੀ ਵਿੱਚ ਰੋਲਿਆ ਸੀ।

ਆਸਾ ਮਹਲਾ 1 (360)॥ ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥ ----- *ਰਤਨ ਵਿਗਾੜਿ ਵਿਗੋਇ ਕੁਤੀ ਮੁਇਆ ਸਾਰ ਨਾ ਕਾਈ॥* -----

ਕੀ ਇਸ ਤੋਂ ਪਿੱਛੋਂ ਬਾਬਰ ਨੇ ਭਾਰਤ ਤੇ ਹਮਲੇ ਕਰਨੇ ਬੰਦ ਕਰ ਦਿੱਤੇ ਸਨ?

ਗੁਰੂ ਅਰਜਨ ਸਾਹਿਬ ਦੇ ਹਜ਼ੂਰੀ ਰਾਗੀ ਸੱਤਾ ਅਤੇ ਬਲਵੰਡ, ਗੁਰੂ ਸਾਹਿਬ ਨਾਲ਼ ਇਸ ਗੱਲੋਂ ਰੁੱਸ ਗਏ ਕਿ ਸੱਤੇ ਦੀ ਬੇਟੀ ਦੇ ਵਿਆਹ ਲਈ ਗੁਰੂ ਸਾਹਿਬ ਉਹਨਾਂ ਦੀ ਮੂੰਹ-ਮੰਗੀ ਰਕਮ ਦੇਣ ਦੇ ਅਸਮਰੱਥ ਸਨ। ਬਜਾਇ ਗੁਰੂ ਸਾਹਿਬ ਦੀ ਮਜਬੂਰੀ ਨੂੰ ਸਮਝਣ ਦੇ ਉਹ ਆਪਣੇ ਹੰਕਾਰ ਵਿੱਚ ਗੁਰੂ ਸਾਹਿਬ ਦਾ ਦਰਬਾਰ ਛੱਡ ਕੇ ਉਹਨਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਦੇ ਦਰਬਾਰ ਵਿੱਚ ਚਲੇ ਗਏ॥ ਵੁੱਡੇ ਵੱਡੇ ਸਾਰੇ ਸਿੱਖ ਉਹਨਾਂ ਨੂੰ ਵਾਪਸ ਲਿਆਉਣ ਲਈ ਉਹਨਾਂ ਕੋਲ਼ ਗਏ।



ਉਹਨਾਂ ਨੂੰ ਬਹੁਤ ਸਮਝਾਇਆ ਗਿਆ ਕਿ ਉਹ ਵਾਪਸ ਆ ਜਾਣ ਅਤੇ ਹਾਲਾਤ ਸੁਧਰਣ ਪਿੱਛੋਂ ਉਹਨਾਂ ਦੀ ਪੂਰੀ ਮਦਦ ਕੀਤੀ ਜਾਵੇਗੀ, ਪਰ ਹੰਕਾਰੇ ਹੋਏ ਉਹ ਨਾਂ ਮੰਨੇ।

ਆਖ਼ਿਰ ਗੁਰੂ ਸਾਹਿਬ ਆਪ ਵੀ ਉਹਨਾਂ ਨੂੰ ਮੰਨਾਉਣ ਗਏ, ਪਰ ਨਾਂ ਕੇਵਲ ਉਹਨਾਂ ਨੇ ਵਾਪਸ ਜਾਣ ਤੋਂ ਪੂਰੀ ਤਰ੍ਹਾਂ ਇਨਕਾਰ ਕਰ ਦਿੱਤਾ, ਸਗੋਂ ਗੁਰੂ ਨਾਨਕ ਸਾਹਿਬ ਦੀ ਸ਼ਾਨ ਬਾਰੇ ਵੀ ਬਹੁਤ ਕੁਝ ਗ਼ਲਤ ਕਹਿ ਗਏ ਅਤੇ ਕਿਹਾ ਕਿ ਗੁਰੂ ਨਾਨਕ ਸਾਹਿਬ ਨੂੰ ਵੀ ਉਹਨਾਂ ਦੇ ਵਡੇਰਿਆਂ (ਭਾਵ ਮਰਦਾਨਾ ਜੀ) ਨੇ ਹੀ ਗੁਰੂ ਬਣਾਇਆ ਸੀ॥ ਗੁਰੂ ਜੀ ਇਹ ਸਹਿਨ ਨਾਂ ਕਰ ਸਕੇ ਅਤੇ ਉੱਠ ਕੇ ਚਲੇ ਗਏ॥ ਕੀ ਉਹਨਾਂ ਨੇ ਗੁਰੂ ਨਾਨਕ ਸਾਹਿਬ ਦੀ ਪੰਜਵੀਂ ਜੋਤ, ਗੁਰੂ ਅਰਜਨ ਸਾਹਿਬ ਦੀ ਗੱਲ ਮੰਨੀ?

ਜਹਾਂਗੀਰ ਦੇ ਇਸ਼ਾਰੇ ਤੇ ਚੰਦੂ ਨੇ ਜੋ ਕਸ਼ਟ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰਨ ਵੇਲੇ ਦਿੱਤੇ, ਕੀ ਕਿਸੇ ਦਲੀਲ਼ ਨੇ ਉਸਦਾ ਮਨ ਪਿਘਲਾਇਆ, ਭਾਵੇਂ ਮੀਆਂ ਮੀਰ ਜੀ ਨੇ ਬਹੁਤ ਸਮਝਾਇਆ ਅਤੇ ਚੰਦੂ ਦੀ ਨੂੰਹ ਨੇ ਵੀ ਬਹੁਤ ਤਰਲੇ ਪਾਏ?

ਜਦ ਜਾਬਰ ਔਰੰਗਜ਼ੇਬ ਹਿੰਦੂਆਂ ਨੂੰ ਜਬਰਨ ਮੁਸਲਮਾਨ ਬਣਾ ਰਿਹਾ ਸੀ ਤਾਂ ਕੀ ਉਸ ਉੱਤੇ ਗੁਰੂ ਤੇਗ਼ ਬਹਾਦੁਰ ਸਾਹਿਬ ਦੀ ਸਿੱਖਿਆ ਦਾ ਕੋਈ ਅਸਰ ਹੋਇਆ ਕਿ ਕਿਸੇ ਨੂੰ ਜਬਰੀ ਧਰਮ ਬਦਲਣ ਲਈ ਮਜਬੂਰ ਕਰਨਾ ਬਹੁਤ ਵੱਡਾ ਗੁਨਾਹ ਹੈ? ਉਸਨੇ ਗੁਰੂ ਸਾਹਿਬ ਨੂੰ ਬਹੁਤ ਤਸੀਹੇ ਦਿੱਤੇ ਅਤੇ ਪਹਿਲਾਂ ਉਹਨਾਂ ਦੇ ਪਿਆਰੇ ਸਿੱਖਾਂ ਨੂੰ ਅਸਹਿ ਤਸੀਹੇ ਦੇ ਕੇ ਸ਼ਹੀਦ ਕੀਤਾ॥

ਆਮ ਪਰਜਾ ਅਤੇ ਉਹਨਾਂ ਦੇ ਆਪਣੇ ਹਿਤ ਲਈ ਵੀ, ਬਹੁਤ ਵਾਰ ਗੁਰੂ ਗੋਬਿੰਦ ਸਿੰਘ ਜੀ ਨੇ ਬਾਈ ਧਾਰਾਂ ਦੇ ਹਿੰਦੂ ਰਾਜਿਆਂ ਨੂੰ ਇਕੱਠੇ ਹੋ ਕੇ ਮੁਗਲਾਂ ਦੇ ਜ਼ੁਲਮਾਂ ਵਿਰੁੱਧ ਲੜਨ ਲਈ ਪ੍ਰੇਰਿਆ ਅਤੇ ਆਪ ਨਾਲ਼ ਹੋ ਕੇ ਉਹਨਾਂ ਨੇ ਮੁਗਲਾਂ ਦੇ ਜ਼ੁਲਮਾਂ ਵਿਰੁੱਧ ਕਈ ਲੜਾਈਆਂ ਵੀ ਲੜੀਆਂ ਪਰ ਉਹ ਕਦੇ ਇੱਕ ਜੁੱਟ ਨਾਂ ਹੋਏ॥ ਕੀ ਉਹ ਗੁਰੂ ਸਾਹਿਬ ਦੀ ਸਿੱਖਿਆ ਤੋਂ ਪ੍ਰੇਰਿਤ ਹੋਏ?

ਗੁਰੂ ਸਾਹਿਬ ਦੇ ਸਾਹਿਬਜ਼ਾਦੇ ਜੋ ਕੇਵਲ 7 ਅਤੇ 9 ਸਾਲ ਦੀ ਉਮਰ ਦੇ ਸਨ, ਪੂਰੀ ਤਰ੍ਹਾਂ ਨਿਰਦੋਸ਼ ਹੋਣ ਦੇ ਉਪ੍ਰੰਤ ਵੀ ਸੂਬਾ ਸਰਹਿੰਦ ਵਜ਼ੀਰ ਖ਼ਾਨ ਨੇ ਬਹੁਤ ਬੇਰਹਿਮੀ ਨਾਲ਼ ਸ਼ਹੀਦ ਕੀਤੇ॥ ਸਾਹਿਬਜ਼ਾਦਿਆਂ ਦੀ ਇਸ ਨਿਰਦਈ ਸਜ਼ਾ ਦੇ ਵਿਰੁੱਧ ਨਵਾਬ ਮਾਲੇਰਕੋਟਲਾ, ਸ਼ੇਰ ਮੁਹੰਮਦ, ਨੇ ਵਜ਼ੀਰ ਖ਼ਾਨ ਨੂੰ ਬਹੁਤ ਸਮਝਾਇਆ ਕਿ ਇਹ ਜਾਇਜ਼ ਨਹੀਂ, ਪਰ ਕੀ ਵਜ਼ੀਰ ਖ਼ਾਨ ਤੇ ਕੋਈ ਅਸਰ ਹੋਇਆ?

ਕਬੀਰ ਸਾਹਿਬ ਵੀ ਗੋਂਡ ਰਾਗ ਵਿੱਚ ਲਿਖਦੇ ਹਨ ਕਿ ਹਕੂਮਤ ਨੇ ਉਹਨਾਂ ਨੂੰ ਪੋਟਲੀ ਵਾਂਙ ਬੰਨ੍ਹ ਕੇ ਕੁਚਲੇ ਜਾਣ ਲਈ ਹਾਥੀ ਦੇ ਅੱਗੇ ਸੁੱਟ ਦਿੱਤਾ, ਪਰ ਹਾਥੀ ਨੇ ਕਬੀਰ ਸਾਹਿਬ ਨੂੰ ਕੁਚਲਣ ਤੋਂ ਇਨਕਾਰ ਕਰ ਦਿੱਤਾ॥ ਸਗੋਂ ਇਸ ਦੇ ਉਲਟ ਉਹ ਕਬੀਰ ਸਾਹਿਬ ਨੂੰ ਆਪਣੀ ਸੁੰਡ ਨਾਲ਼ ਨਮਸਕਾਰ ਕਰਦਾ ਰਿਹਾ॥

ਗੁੱਸੇ ਵਿਚ ਆਏ ਕਾਜ਼ੀ ਨੇ ਮਹਾਵਤ ਨੂੰ ਡਰਾਵੇ ਦੇਕੇ ਹਾਥੀ ਨੂੰ ਕਬੀਰ ਸਾਹਿਬ ਨੂੰ ਕੁਚਲਣ ਲਈ ਤਿੰਨ ਵਾਰ ਹੁਕਮ ਦਿੱਤਾ, ਪਰ ਹਾਥੀ ਨੇ ਹਰ ਵਾਰ ਹੁਕਮ ਮੰਨਣ ਤੋਂ ਨਾਂਹ ਕਰ ਦਿੱਤੀ॥ ਅਜਿਹਾ ਹੋਣ ਦੇ ਉਪ੍ਰੰਤ ਵੀ ਕੀ ਕਾਜ਼ੀ ਦਾ ਕਠੋਰ ਮਨ ਪਸੀਜਿਆ? ਨਹੀਂ॥ ਉਹ ਪਾਵਨ ਸ਼ਬਦ ਹੇਠਾਂ ਦਿੱਤਾ ਜਾਂਦਾ ਹੈ॥

ਗੋਂਡ ਕਬੀਰ ਜੀ (870-71)॥

ਭੁਜਾ ਬਾਧਿ ਭਿਲਾ ਕਰਿ ਡਾਰਿਓ॥ ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ॥ ਹਸਤਿ ਭਾਗਿ ਕਰਿ ਚੀਸਾ ਮਾਰੈ॥ ਇਆ ਮੂਰਤਿ ਕੈ ਹਉ ਬਲਿਹਾਰੈ॥ ਆਹਿ ਮੇਰੇ ਠਾਕੁਰਤੁਮਰਾ ਜੋਰੁ॥ ਕਾਜੀ ਬਕਿਬੋ ਹਸਤੀ ਤੋਰ॥ 1॥ ਰਹਾਉ॥ ਰੇ ਮਹਾਵਤ ਤੁਝੁ ਡਰਉ ਕਾਟਿ॥ ਇਸਹਿ ਤੁਰਾਵਹੁ ਘਾਲਹੁ ਸਾਟਿ॥ ਹਸਤਿ ਨ ਤੋਰੈ ਧਰੈ ਧਿਆਨੁ॥ ਵਾ ਕੈ ਰਿਦੈ ਬਸੈ ਭਗਵਾਨੁ॥ 2॥ -----

ਕੁੰਚਰੁ ਪੋਟ ਲੈ ਲੈ ਨਮਸਕਾਰੈ ਬੂਝੀ ਨਹੀ ਕਾਜੀ ਅੰਧਿਆਰੈ॥3॥ ਤੀਨਿ ਬਾਰ ਪਤੀਆ ਭਰਿ ਲੀਨਾ॥ ਮਨ ਕਠੋਰ ਅਜਹੂ ਨ ਪਤੀਨਾ॥ ਕਹਿ ਕਬੀਰ ਹਮਰਾ ਗੋਬਿੰਦੁ॥ ਚਉਥੇ ਪਦ ਮਹਿ ਜਨ ਕੀ ਜਿੰਦੁ॥

ਗਲੋਬਲ ਸਿੱਖ ਕੌਂਸਲ

**Global Sikh Council**
**Voice Of Sikhs Worldwide**
www.globalsikhcouncil.org

**Notes on Global Sikhi Scholars seminar on ਗੁਰਬਾਣੀ ਅਨੁਸਾਰ ਮਾਸ ਖਾਣ ਜਾਂ ਨਾ ਖਾਣ ਬਾਰੇ ਸਪੱਸ਼ਟਤਾ ("Clarity on Eating of Meat as per Gurbani") Held on May 17/18, 2023 Session 1 & 2**

1. Gurbani has clearly stated that there is similarity in terms of life between "Meat" (animal flesh) and "Saag" (plant based food). Both animals and plants are living beings. Modern Science also confirms this fact.
2. Gurbani does mention the kind of food our mind needs (i.e., "Naam"). It does not mention the choice of food needed by our body.
3. Gurbani also mentions that all living beings consume or eat living beings for their survival.
4. Eating or not eating meat does not concern spirituality. It relates to one's health, living style, society, or geographic location, where one lives. Only a doctor or dietician can advise if one should eat meat or not.
5. Gurbani does not mention anywhere, whether one should eat meat or not. Similarly, Gurbani nowhere mentions that one should eat or not eat a particular fruit/vegetable/grain or any other edible.
6. Gurbani does mention that one can eat any food that does not cause any harm to one's body or one's mind.
7. Food choice on any location of this planet depends upon climate/availability/geographical location/season/situation.
8. Gurbani has clearly condemned sacrificing animals in the name of religion, be it "Halal/Qurbani" or "Bali" in religious rituals. Sikh Rehat Maryda when it prohibits eating "Kutha" meat, it actually means animal sacrificed in the name of religion "Halal" or "Bali."
9. Our body takes or eats millions of microbes everyday in the form of fermented food, like yogurt/Buttermilk/Pickles etc. These microbes are nothing but bacteria which are classified as living beings as per science.
10. As per Gurbani only the ignorant create controversy about eating are not eating meat. Let us follow the message of Gurbani and not create controversy on the choice of food.

www.globalsikhcouncil.org info@globalsikhcouncil.org

## ਅੰਧ ਵਿਸ਼ਵਾਸਾਂ 'ਚ ਜਕੜਿਆ ਸਾਡਾ ਸਮਾਜ

**ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ**

**ਕੈਲਗਰੀ (ਕੈਨੇਡਾ) 91 98728 60488**

ਸਾਡੇ ਗੁਰੂਆਂ ਨੇ ਤਾਂ ਸਾਨੂੰ ਜੀਵਨ ਦਾ ਬਹੁਤ ਸੌਖਾ ਮਾਰਗ ਦੱਸਿਆ ਹੈ- 'ਕਿਰਤ ਕਰੋ- ਨਾਮ ਜਪੋ- ਵੰਡ ਛਕੋ' ਫਿਰ ਅਸੀਂ ਅੰਧ ਵਿਸ਼ਵਾਸ ਫੈਲਾਉਣ ਵਾਲ਼ਿਆਂ ਦੇ ਚੱਕਰ ਵਿੱਚ ਪੈ ਕੇ ਸਿੱਖੀ ਨੂੰ ਲਾਜ ਕਿਉਂ ਲਾ ਰਹੇ? ਮੀਡੀਆ ਦਾ ਅੰਧ ਵਿਸ਼ਵਾਸ ਫੈਲਾਣ ਵਿੱਚ ਬਹੁਤ ਵੱਡਾ ਰੋਲ ਹੈ। ਜਿਉਂ ਹੀ ਸਵੇਰੇ ਟੀ.ਵੀ. ਆਨ ਕਰੋ ਤਾਂ ਹਰ ਚੈਨਲ ਤੇ ਕੋਈ ਨਾ ਕੋਈ ਜੋਤਸ਼ੀ, ਰਾਸ਼ੀ ਫਲ ਬਾਰੇ ਜਾਣਕਾਰੀ ਦੇ ਰਿਹਾ ਹੁੰਦਾ ਹੈ। ਹਰ ਬੰਦਾ ਕੰਮ ਤੇ ਜਾਣ ਤੋਂ ਪਹਿਲਾਂ, ਇਹ ਜਾਣਨਾ ਚਾਹੁੰਦਾ ਹੈ ਕਿ ਅੱਜ ਉਸ ਦੀ ਰਾਸ਼ੀ ਕੀ ਕਹਿੰਦੀ ਹੈ? ਅੱਜ ਦਾ ਦਿਨ ਕਿਵੇਂ ਲੰਘੇਗਾ? ਪਤਾ ਨਹੀਂ ਇਹ ਬਾਰਾਂ ਰਾਸ਼ੀਆਂ, ਕਰੋੜਾਂ ਬੰਦਿਆਂ ਦਾ ਭਵਿੱਖ ਕਿਵੇਂ ਦੱਸ ਸਕਦੀਆਂ ਹਨ? ਪਰ ਇਸ ਬਾਰੇ ਸੋਚਣ ਦੀ ਵਿਹਲ ਹੀ ਕਿਸ ਕੋਲ ਹੈ?

ਅੱਜਕਲ ਕੈਨੇਡਾ ਵਰਗੇ ਮੁਲਕ ਵਿੱਚ ਆ ਕੇ ਵੀ ਸਾਡੇ ਲੋਕਾਂ ਦੀ ਸੋਚ ਨਹੀਂ ਬਦਲੀ। ਇਥੇ ਵੀ ਜੋਤਸ਼ੀਆਂ ਅਤੇ ਅਖੌਤੀ ਬਾਬਿਆਂ ਬਾਰੇ ਅਖਬਾਰਾਂ 'ਚੋਂ ਪੜ੍ਹ ਕੇ ਹੈਰਾਨੀ ਹੁੰਦੀ ਹੈ। ਅਸੀਂ ਆਪਣੇ ਦਿਨ ਰਾਤ ਇਕ ਕਰਕੇ ਕਮਾਏ ਹੋਏ ਡਾਲਰ, ਆਪਣੀਆਂ ਪਰੇਸ਼ਾਨੀਆਂ ਦੂਰ ਕਰਨ ਲਈ ਇਹਨਾਂ ਲੋਕਾਂ ਦੀ ਭੇਟ ਚੜ੍ਹਾਈ ਜਾਂਦੇ ਹਾਂ।

ਇਹ ਲੋਕ ਸਾਡੀ ਕਮਾਈ ਤੇ ਐਸ਼ ਕਰਦੇ ਹਨ। ਦਰਅਸਲ ਕਸੂਰ ਇਹਨਾਂ ਦਾ ਨਹੀਂ, ਸਾਡੇ ਅੰਧ ਵਿਸ਼ਵਾਸ ਦਾ ਹੀ ਹੈ। ਸਾਡੇ ਗੁਰੂ ਸਾਹਿਬਾਨ ਨੇ ਤਾਂ ਸਾਨੂੰ 'ਗੁਰੂ ਮਾਨਿਉਂ ਗ੍ਰੰਥ' ਦਾ ਹੁਕਮ ਦਿੱਤਾ ਹੋਇਆ ਹੈ, ਸੋ ਦੇਹ ਧਾਰੀ ਗੁਰੂਆਂ ਅੱਗੇ ਭੇਟਾ ਚੜ੍ਹਾ ਕੇ ਮੱਥੇ ਟੇਕਣੇ, ਸਾਡੀ ਅਗਿਆਨਤਾ ਹੈ।



ਆਪਣੇ ਲੋਕਾਂ ਵਿੱਚ ਅੰਨ੍ਹੀ ਸ਼ਰਧਾ ਇੰਨੀ ਹੈ ਕਿ ਕੋਈ ਇਸ ਤਰ੍ਹਾਂ ਦੀਆਂ ਗੱਲਾਂ ਸੁਣਨ ਨੂੰ ਤਿਆਰ ਹੀ ਨਹੀਂ, ਤੇ ਇਸੇ ਦਾ ਲਾਭ ਇੰਡੀਆ ਤੋਂ ਆਏ ਬਾਬੇ ਉਠਾ ਜਾਂਦੇ ਹਨ। ਇੰਡੀਆ ਦੇ ਬਾਬੇ ਗਰਮੀ ਵਿੱਚ ਇੱਧਰ ਆਉਂਦੇ ਨੇ, ਤੇ ਕਮਾਈ ਕਰ ਕੇ ਮੁੜ ਜਾਂਦੇ ਨੇ।

ਅੱਜਕਲ ਸਾਡੇ ਪੰਜਾਬੀ, ਟੇਵਿਆਂ ਦੇ ਚੱਕਰ ਵਿੱਚ ਵੀ ਫਸੇ ਹੋਏ ਹਨ।ਆਪਣੇ ਟੇਵੇ ਬਨਵਾਉਣੇ ਅਤੇ ਫਿਰ ਜੋਤਸ਼ੀਆਂ ਨੂੰ ਦਿਖਾ ਕੇ, ਆਪਣੀਆਂ ਪਰੇਸ਼ਾਨੀਆਂ ਦੇ ਹੱਲ ਪੁੱਛਣੇ, ਬੱਚਿਆਂ ਦੇ ਵਿਆਹਾਂ ਸਮੇਂ ਵੀ ਟੇਵੇ ਮਿਲਾਣੇ- ਪੜ੍ਹੇ ਲਿਖੇ

ਲੋਕਾਂ ਵਿੱਚ ਵੀ ਆਮ ਜਿਹੀ ਗੱਲ ਹੋ ਗਈ ਹੈ। ਆਪਣੇ ਐਨ. ਆਰ. ਆਈ. ਵੀਰ ਵੀ, ਇੰਡੀਆ ਜਾ ਕੇ, ਆਪਣੇ ਟੇਵੇ ਦਿਖਾ ਕੇ, ਆਪਣੀਆਂ ਸਮੱਸਿਆਵਾਂ ਅਤੇ ਆਪਣੇ ਅਗਲੇ ਪਿਛਲੇ ਜਨਮ ਬਾਰੇ ਜਾਨਣ ਲਈ, ਜੋਤਸ਼ੀਆਂ ਕੋਲ ਜਾਂਦੇ ਮੈ ਅਕਸਰ ਦੇਖੇ ਹਨ।

ਇਹਨਾਂ ਜੋਤਸ਼ੀਆਂ ਨੇ ਮੋਟੀਆਂ ਫੀਸਾਂ ਰੱਖੀਆਂ ਹੋਈਆਂ ਹਨ ਤੇ ਫਿਰ ਐਨ.ਆਈ.ਆਰ. ਦੀ ਤਾਂ ਪੂਰੀ ਛਿੱਲ ਲਾਹੁੰਦੇ ਹਨ। ਮੇਰਾ ਖਿਆਲ ਹੈ ਕਿ ਜੋ ਕੋਈ ਵੀ ਗੁਰਬਾਣੀ ਵਿੱਚ ਵਿਸ਼ਵਾਸ ਰੱਖਦਾ ਹੈ, ਉਸ ਨੂੰ ਅਗਲੇ ਪਿਛਲੇ ਜਨਮ ਨੂੰ ਜਾਣਨ ਦੀ ਬਜਾਏ, ਇਸ ਜਨਮ ਨੂੰ ਸਫਲ ਕਰਨ ਬਾਰੇ ਸੋਚਣਾ ਚਾਹੀਦਾ ਹੈ।

ਸਿੱਖ ਧਰਮ ਤਾਂ ਹੈ ਹੀ ਬੜਾ ਸਰਲ - 24 ਘੰਟਿਆਂ ਦਾ ਦਸਵੰਧ ਭਾਵ ਢਾਈ ਘੰਟੇ ਦਾ ਸਮਾਂ, ਅਕਾਲ ਪੁਰਖ ਦੀ ਯਾਦ ਵਿੱਚ ਬਿਤਾਓ- ਬਾਕੀ ਸਾਰਾ ਸਮਾਂ, ਕਿਰਤ ਕਰੋ, ਗ੍ਰਹਿਸਤ ਦੀਆਂ ਜ਼ਿੰਮੇਵਾਰੀਆਂ ਨਿਭਾਓ, ਭਾਣੇ 'ਚ ਰਹੋ ਤੇ ਸਰਬੱਤ ਦਾ ਭਲਾ ਮੰਗੋ। ਪਤਾ ਨਹੀਂ ਫਿਰ ਵੀ ਕਿਉਂ ਅਸੀਂ ਜੋਤਸ਼ੀਆਂ, ਬਾਬਿਆਂ ਦੇ ਵਿਛਾਏ ਮਕੜ-ਜਾਲ ਵਿੱਚ ਫਸ ਕੇ ਆਪਣਾ ਕੀਮਤੀ ਸਮਾਂ ਤੇ ਪੈਸਾ ਬਰਬਾਦ ਕਰ ਰਹੇ ਹਾਂ?

ਬਾਹਰ ਜਾਣ ਦੇ ਕਨੂੰਨ ਸਖਤ ਹੋਣ ਨਾਲ ਆਪਣੇ ਜੋਤਸ਼ੀਆਂ ਦੀ ਹੋਰ ਵੀ ਚਾਂਦੀ ਹੋ ਗਈ ਹੈ। ਆਪਣੇ ਲੋਕ ਕੁਝ ਏਜੰਟਾਂ ਹੱਥੋਂ ਲੁੱਟੇ ਜਾ ਰਹੇ ਹਨ ਤੇ ਕੁੱਝ ਇਹਨਾਂ ਪੁੱਛਾਂ ਦੇਣ ਵਾਲਿਆਂ ਹੱਥੋਂ। ਪੰਜਾਬੀ ਸੋਚਦੇ ਹਨ ਕਿ ਸ਼ਾਇਦ ਕੋਈ ਛੂ-ਮੰਤਰ ਮਾਰ ਕੇ ਸਾਨੂੰ ਬਾਹਰ ਭੇਜ ਦੇਵੇ ਤੇ ਅਸੀਂ ਜਾਂਦਿਆਂ ਸਾਰ ਡਾਲਰ ਇਕੱਠੇ ਕਰ ਲਈਏ।

ਸੋ ਇਸ ਤਰ੍ਹਾਂ ਦੇ ਵਹਿਮਾਂ ਕਾਰਨ ਸਾਡੇ ਲੋਕ, ਆਪਣੀਆਂ ਜ਼ਮੀਨਾਂ ਜਾਇਦਾਦਾਂ ਦੋਹੀਂ ਹੱਥੀਂ ਲੁਟਾ ਰਹੇ ਹਨ।ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਕਦੋਂ ਤੱਕ ਸਾਡਾ ਸਮਾਜ ਅੰਧ ਵਿਸ਼ਵਾਸਾਂ ਦੀ ਦਲਦਲ ਵਿੱਚ ਹੀ ਫਸਿਆ ਰਹੇਗਾ?

ਸਾਡੇ ਗੁਰੂਆਂ ਨੇ ਢਾਈ ਸੌ ਸਾਲ ਤੋਂ ਵੱਧ ਸਮਾਂ ਸਾਨੂੰ ਵਹਿਮਾਂ-ਭਰਮਾਂ ਤੇ ਅੰਧ ਵਿਸ਼ਵਾਸਾਂ ਵਿੱਚੋਂ ਕੱਢਣ ਤੇ ਲਾ ਦਿੱਤਾ - ਪਰ ਅਸੀਂ ਸਿੱਖ ਧਰਮ ਨੂੰ ਮੰਨਦੇ ਹੋਏ ਵੀ, ਉਹਨਾਂ ਹੀ ਵਹਿਮਾਂ ਭਰਮਾਂ ਵਿੱਚ ਫਸ ਕੇ, ਅੰਨ੍ਹੀ ਸ਼ਰਧਾ ਕਾਰਨ ਆਪਣੀ ਮਿਹਨਤ ਦੀ ਕਿਰਤ ਕਮਾਈ ਨਾਲ, ਬਾਬਿਆਂ ਤੇ ਜੋਤਸ਼ੀਆਂ ਦੇ ਘਰ ਭਰ ਰਹੇ ਹਾਂ, ਪਰ ਮਨ ਸਾਡੇ ਫਿਰ ਵੀ ਭਟਕ ਰਹੇ ਹਨ।

ਕਿਉਂ ਨਾ ਆਪਾਂ ਸਿੱਖੀ ਦੇ ਮਾਰਗ ਤੇ ਚਲਦੇ ਹੋਏ, ਓਹੀ ਦਸਵੰਧ, ਕਿਸੇ ਲੋੜਵੰਦ ਦੀ ਮਦਦ ਲਈ ਜਾਂ ਇੰਡੀਆ ਵਿੱਚ ਆਪਣੇ ਪਿੰਡ ਦੀ ਬੇਹਤਰੀ ਲਈ ਖਰਚ ਕਰਕੇ, ਸਦੀਵੀ ਅਨੰਦ ਪ੍ਰਾਪਤ ਕਰ ਲਈਏ।



## ਭਾਈ ਮਨੀ ਸਿੰਘ ਜੀ ਦਾ ਜੀਵਨ ਅਤੇ ਸ਼ਹਾਦਤ (ਲੇਖ ਅਤੇ ਲੈਕਚਰ)

ਸਰਦਾਰਨੀ ਅਮ੍ਰਿਤ ਪਾਲ ਕੌਰ, ਜਲੰਧਰ (ਭਾਰਤ)

ਸ਼ਹਾਦਤ ਅਤੇ ਸ਼ਹੀਦ ਅਰਬੀ ਬੋਲੀ ਦੇ ਲਫ਼ਜ਼ ਹਨ। ਸ਼ਹਾਦਤ ਤੋਂ ਭਾਵ ਹੈ ਗਵਾਹੀ, ਧਰਮ ਯੁੱਧ ਵਿੱਚ ਸ਼ਹੀਦ ਗਵਾਹੀ ਦੇਣ ਵਾਲਾ। ਸਿੱਖ ਇਤਿਹਾਸ ਦੇ ਪੰਨੇ ਸ਼ਹੀਦਾਂ ਦੇ ਖ਼ੂਨ ਨਾਲ ਸ਼ਿੰਗਾਰੇ ਹੋਏ ਹਨ। ਗੁਰੂ ਅਰਜਨ ਦੇਵ ਜੀ ਦੁਆਰਾ ਸ਼ੁਰੂ ਕੀਤੀ ਮਹਾਨ ਸ਼ਹੀਦੀ ਪਰੰਪਰਾ ਦੀ ਲੜੀ ਦੇ ਭਾਈ ਮਨੀ ਸਿੰਘ ਜੀ ਅਨਮੋਲ ਮੋਤੀ ਹਨ।

ਭਾਈ ਮਨੀ ਸਿੰਘ ਜੀ ਦਾ ਜਨਮ ਸੰਮਤ 1701 ਈਸਵੀ 1644 ਨੂੰ ਰਾਜਪੂਤ ਘਰਾਣੇ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਮ ਭਾਈ ਮਾਈ ਦਾਸ ਅਤੇ ਮਾਤਾ ਦਾ ਨਾਮ ਮਧਰੀ ਬਾਈ ਸੀ। ਆਪਣੇ ਸਮੇਤ ਉਨ੍ਹਾਂ ਦੇ ਬਾਰਾਂ ਭਰਾ ਸਨ। 13 ਸਾਲ ਦੀ ਉਮਰ ਵਿੱਚ ਉਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਚਰਨਾਂ ਵਿੱਚ ਕੀਰਤਪੁਰ ਸਾਹਿਬ ਆਏ। ਜਿਸ ਦਿਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਗੱਦੀ ਤੇ ਬੈਠੇ ਉਸੇ ਸਾਲ ਮਨੀ ਰਾਮ ਜੀ ਪੈਦਾ ਹੋਏ ਸਨ। ਸਤਵੇਂ ਪਾਤਸ਼ਾਹ ਜੀ ਦੀ ਦਿਬ ਦ੍ਰਿਸ਼ਟੀ ਨੇ ਜਾਣ ਲਿਆ ਸੀ ਕਿ ਇਹ ਕੋਈ ਅਲੌਕਿਕ ਬਾਲਕੇ ਹੈ। ਜਿਸ ਨੂੰ ਪੰਜ ਸਾਲ ਦੀ ਉਮਰ ਵਿੱਚ ਕਈ ਬਾਣੀਆਂ ਕੰਠ ਸਨ। ਮਾਤਾ ਗੁਜਰੀ ਜੀ ਦੇ ਭਰਾ ਕਿਰਪਾਲ ਚੰਦ ਜਿਹੜੇ ਕਿ ਗੁਰਦੇਵ ਦੀਆਂ ਫੌਜਾਂ ਦੇ ਕਮਾਂਡਰ ਸਨ, ਨੇ ਭਾਈ ਮਨੀ ਸਿੰਘ ਜੀ ਨੂੰ ਸ਼ਸਤਰ ਵਿਦਿਆ ਅਤੇ ਘੋੜਸਵਾਰੀ ਵਿੱਚ ਨਿਪੁੰਨ ਕੀਤਾ।

ਉਨ੍ਹਾਂ ਦੀ ਸ਼ਾਦੀ ਸੀਤੋ ਬਾਈ ਸਪੁੱਤਰੀ ਲੱਖੀ ਸ਼ਾਹ ਵਣਜਾਰਾ ਨਾਲ ਹੋਈ, ਜਿੰਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਉਨ੍ਹਾਂ ਦੇ ਪਵਿੱਤਰ ਧੜ ਦਾ ਸਸਕਾਰ ਅਪਣੇ ਘਰ ਨੂੰ ਅੱਗ ਲਗਾ ਕੇ ਕੀਤਾ ਸੀ ਜਿੱਥੇ ਕਿ ਗੁਰਦੁਆਰਾ ਸ੍ਰੀ ਰਕਾਬ ਗੰਜ ਸ਼ਸ਼ੋਭਿਤ ਹੈ।

ਭਾਈ ਮਨੀ ਸਿੰਘ ਦੇ ਘਰ ਦਸ ਪੁੱਤਰਾਂ ਨੇ ਜਨਮ ਲਿਆ ਜਿੰਨ੍ਹਾਂ ਦਾ ਸਿੱਖ ਇਤਿਹਾਸ ਵਿੱਚ ਬੜਾ ਉੱਚਾ ਥਾਂ ਹੈ। ਗੁਰਬਖਸ਼ ਸਿੰਘ ਅਤੇ ਚਿਤਰ ਸਿੰਘ ਨੂੰ ਜ਼ਕਰੀਆ ਖਾਨ ਨੇ ਭਾਈ ਮਨੀ ਸਿੰਘ ਨਾਲ ਗ੍ਰਿਫਤਾਰ ਕਰਲਿਆ ਸੀ। ਭਾਈ ਉਦੈ ਸਿੰਘ ਬੜਾ ਸੂਰਬੀਰ ਯੋਧਾ ਸੀ ਜਿਸ ਨੇ ਲੋਹਗੜ੍ਹ ਦੀ ਲੜਾਈ ਵਿੱਚ ਰਾਜਾ ਕੇਸਰੀ ਚੰਦ ਨੂੰ ਮਾਰ ਮੁਕਾਇਆ ਸੀ। ਭਾਈ ਬਚਿੱਤਰ ਸਿੰਘ ਵੀ ਬੜਾ ਬਲਵਾਨ ਯੋਧਾ ਸੀ ਜਿਸ ਨੇ ਪਹਾੜੀ ਰਾਜਿਆਂ ਵੱਲੋਂ ਭੇਜੇ ਮਸਤ ਹਾਥੀ ਨਾਲ ਮੁਕਾਬਲਾ ਕੀਤਾ ਜੋ ਕਿ ਲੋਹਗੜ੍ਹ ਕਿਲੇ ਦਾ ਦਰਵਾਜ਼ਾ ਤੋੜਨ ਵਾਸਤੇ ਭੇਜਿਆ ਗਿਆ ਸੀ

ਜਦੋਂ ਗੁਰੂ ਸਾਹਿਬ ਦਿੱਲੀ ਗਏ ਤਾਂ ਭਾਈ ਮਨੀ ਸਿੰਘ ਵੀ ਨਾਲ ਗਏ ਅਤੇ ਅਠਵੇਂ ਗੁਰੂ ਦੇ ਪਿਆਨੇ ਤੱਕ ਦਿੱਲੀ ਹੀ ਰਹੇ। ਭਾਈ ਮਨੀ ਸਿੰਘ ਜੀ ਨੇ ਸੰਗਤਾਂ ਅਤੇ ਮਾਤਾ ਜੀ ਨਾਲ ਮਿਲ ਕੇ ਗੁਰੂ ਸਾਹਿਬ ਦਾ ਸਸਕਾਰ ਕੀਤਾ।

ਭਾਈ ਮਨੀ ਸਿੰਘ ਨੌਂਵੇਂ ਗੁਰੂ ਜੀ ਦੇ ਵਕਤ ਤੋਂ ਬਾਣੀ ਦੇ ਗੁਟਕੇ ਤੇ ਪੋਥੀਆਂ ਆਪਣੇ ਹੱਥੀਂ ਲਿਖਣ ਲੱਗ ਪਏ ਸਨ। ਜਦੋਂ ਨੌਂਵੇਂ ਪਾਤਸ਼ਾਹ ਦਿੱਲੀ ਸ਼ਹਾਦਤ ਲਈ ਚਲੇ ਜਾਂਦੇ ਹਨ ਤਾਂ ਭਾਈ ਮਨੀ ਸਿੰਘ ਗੋਬਿੰਦ ਰਾਇ ਦੀ ਸੇਵਾ ਵਿੱਚ ਰਹੇ। ਆਨੰਦਪੁਰ ਸਾਹਿਬ ਵਿੱਚ ਭਾਈ ਸਾਹਿਬ ਨੂੰ "ਦਰਬਾਰੀ ਦੀਵਾਨ" ਦੀ ਪਦਵੀ ਦਿੱਤੀ ਗਈ। ਵਿਸਾਖੀ ਵਾਲੇ ਦਿਨ ਜਦੋਂ ਖਾਲਸਾ ਸਾਜਿਆ ਗਿਆ ਭਾਈ ਮਨੀ ਸਿੰਘ ਨੇ ਗੁਰੂ

ਗੋਬਿੰਦ ਸਿੰਘ ਜੀ ਪਾਸੋਂ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ। ਆਪ ਜੀ ਦੇ ਪੰਜ ਪੁੱਤਰਾਂ ਅਤੇ ਤਿੰਨ ਭਰਾਵਾਂ ਨੇ ਭੀ ਦਸਵੇਂ ਗੁਰੂ ਦੇ ਦਰ ਤੋਂ ਅੰਮ੍ਰਿਤ ਛਕਿਆ।

ਦਰਬਾਰ ਸਾਹਿਬ ਦੀ ਮਰਿਆਦਾ ਨੂੰ ਭਾਈ ਮਨੀ ਸਿੰਘ ਜੀ ਨੇ ਬਹਾਲ ਕੀਤਾ। ਪਰਿਵਾਰ ਵਿਛੋੜੇ ਵੇਲੇ ਗੁਰੂ ਮਹਿਲਾਂ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਨੂੰ ਭਾਈ ਮਨੀ ਸਿੰਘ ਲੈਕੇ ਦਿੱਲੀ ਚਲੇ ਜਾਂਦੇ ਹਨ। ਤਲਵੰਡੀ ਸਾਬੋ ਦਸਵੇਂ ਪਾਤਸ਼ਾਹ ਨੇ ਬਾਣੀ ਉਚਾਰਣ ਕੀਤੀ ਅਤੇ ਭਾਈ ਮਨੀ ਸਿੰਘ ਜੀ ਨੇ ਲਿਖੀ। ਗੁਰੂ ਸਾਹਿਬ ਨੇ 48 ਸਿੰਘਾਂ ਨੂੰ ਗੁਰਬਾਣੀ ਦੇ ਅਰਥ ਸੁਣਾਏ ਉਨ੍ਹਾਂ ਵਿੱਚ ਭਾਈ ਮਨੀ ਸਿੰਘ ਮੋਹਰੀ ਸਨ। 1703 ਈਸਵੀ ਦਾ ਲਿਖਿਆ ਹੁਕਮਨਾਮਾ ਮਿਲਦਾ ਹੈ ਜਿਸ ਵਿੱਚ ਦਸਮ ਪਾਤਸ਼ਾਹ ਭਾਈ ਮਨੀ ਸਿੰਘ ਦੇ ਭਰਾਵਾਂ ਅਤੇ ਪੁੱਤਰਾਂ ਨੂੰ ਆਪਣੇ ਫਰਜ਼ੰਦ ਕਹਿੰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਿਸ ਸਰੂਪ ਨੂੰ ਦਸਵੇਂ ਪਾਤਸ਼ਾਹ ਨੇ ਗੁਰਗੱਦੀ ਦਿੱਤੀ ਉਹ ਸਰੂਪ ਭਾਈ ਮਨੀ ਸਿੰਘ ਜੀ ਦਾ ਹੀ ਇਕੱਤਰ ਕੀਤਾ ਅਤੇ ਲਿਖਿਆ ਹੋਇਆ ਸੀ। ਜਿੰਨ੍ਹਾਂ ਸਿੱਖਾਂ ਦੇ ਨਾਵਾਂ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿੱਚ ਕੀਤਾ ਹੈ ਉਨ੍ਹਾਂ ਦੀ ਵਿਆਖਿਆ ਭਾਈ ਮਨੀ ਸਿੰਘ ਜੀ ਨੇ ਕੀਤੀ ਕਿ ਉਹ ਕੌਣ ਅਤੇ ਕਿਥੋਂ ਦੇ ਰਹਿਣ ਵਾਲੇ ਸਨ ਅਤੇ ਗੁਰੂ ਸਾਹਿਬ ਨੇ ਕਿਵੇਂ ਉਨ੍ਹਾਂ ਤੇ ਕ੍ਰਿਪਾ ਕੀਤੀ। ਇਸ ਨੂੰ "ਸਿੱਖਾਂ ਦੀ ਭਗਤਮਾਲ" ਵੀ ਕਿਹਾ ਜਾਂਦਾ ਹੈ।

ਭਾਈ ਮਨੀ ਸਿੰਘ ਤੋਂ "ਗਿਆਨੀਆਂ ਦੀ ਟਕਸਾਲ" ਚੱਲੀ। ਆਪ ਨੇ ਸਿੱਖਾਂ ਦੇ ਦੋ ਧੜਿਆਂ "ਤੱਤ ਖਾਲਸਾ" ਅਤੇ (ਬਾਬਾ ਬੰਦਾ ਬਹਾਦੁਰ ਦੇ) "ਬੰਦਈ ਖਾਲਸਾ" ਨੂੰ ਜੁਗਤ ਨਾਲ ਆਪਸ ਵਿਚ ਲੜਨ ਤੋਂ ਬਚਾਇਆ। ਭਾਈ ਸਾਹਿਬ ਦੇ ਖਾਨਦਾਨ ਵਿੱਚੋਂ 90 ਸ਼ਹੀਦੀਆਂ ਹੋਈਆਂ।

ਅੰਮ੍ਰਿਤਸਰ ਦੀ ਪਹਿਲੀ ਜੰਗ ਵਿੱਚ ਭਾਈ ਸਾਹਿਬ ਦੇ ਦਾਦਾ ਜੀ ਸ਼ਹੀਦ ਹੋਏ ਸਨ। ਉਨ੍ਹਾਂ ਦੇ ਦਾਦਾ ਜੀ ਦੇ ਭਰਾ ਅਤੇ ਸਿੰਘਣੀ, ਭਾਈ ਮਨੀ ਸਿੰਘ ਸਮੇਤ 11 ਭਰਾ, 7 ਪੁੱਤਰ, ਅਤੇ 10 ਪੋਤਰੇ ਸ਼ਹੀਦ ਹੋਏ ਅਤੇ ਇਨ੍ਹਾਂ ਤੋਂ ਇਲਾਵਾ 59 ਹੋਰ ਰਿਸ਼ਤੇਦਾਰ ਵੀ ਸ਼ਹੀਦ ਹੋਏ।

### ਭਾਈ ਮਨੀ ਸਿੰਘ ਜੀ ਦੀ ਸ਼ਹੀਦੀ

ਉਸ ਸਮੇਂ ਸਿੱਖ ਜੋੜਮੇਲੇ ਨਹੀਂ ਕਰ ਸਕਦੇ ਸਨ- ਭਾਈ ਜੀ 20 ਅਕਤੂਬਰ ਤੋਂ 26 ਅਕਤੂਬਰ ਤੱਕ ਦਿਵਾਲੀ ਮੌਕੇ ਇਕੱਠ ਕਰਨਾ ਚਾਹੁੰਦੇ ਸਨ। ਲਾਹੌਰ ਦਾ ਗਵਰਨਰ 10 ਲੱਖ ਟਕਿਆਂ ਦੇ ਬਦਲੇ ਇਕੱਠ ਲਈ ਮੰਨ ਗਿਆ। ਪਰ ਉਸ ਦੀ ਨੀਅਤ ਖੋਟੀ ਹੋ ਗਈ। ਦੀਵਾਲੀ ਦਾ ਇਕੱਠ ਨਹੀਂ ਹੋ ਸਕਿਆ। ਟਕੇ ਮੰਗਣ ਤੇ ਭਾਈ ਜੀ ਨੇ ਇਨਕਾਰ ਕੀਤਾ। ਭਾਈ ਸਾਹਿਬ ਨੂੰ ਹਥਕੜੀਆਂ ਲਾਕੇ ਲਾਹੌਰ ਲਿਜਾਇਆ ਗਿਆ। ਨਖਾਸ ਚੌਂਕ ਵਿਖੇ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ। ਆਪ ਨੇ ਸਾਫ਼ ਇਨਕਾਰ ਕੀਤਾ। ਅਬਦੁਲ ਰਜ਼ਾਕ ਦੀ ਨਿਗਰਾਨੀ ਹੇਠ ਭਾਈ ਸਾਹਿਬ ਦਾ ਬੰਦ ਬਦੰ ਕੱਟ ਕੇ ਸ਼ਹੀਦ ਕੀਤਾ ਗਿਆ । ਅਨੇਕਾਂ ਵਾਰ ਟੋਕਾ ਵਾਰ ਕਰਦਾ ਰਿਹਾ ਪਰ ਬਹਾਦਰ ਸੂਰਬੀਰ ਸਭ ਦੁੱਖ ਬਰਦਾਸ਼ਤ ਕਰ ਕੇ ਸ਼ਹਾਦਤ ਪ੍ਰਾਪਤ ਕਰ ਗਿਆ।

ਕੋਟਿ ਕੋਟਿ ਪ੍ਰਣਾਮ ਹੈ ਅਜਿਹੇ ਮਹਾਨ ਸ਼ਹੀਦ ਨੂੰ ਜਿਸ ਨੇ ਆਪਣੇ ਸਰੀਰ ਦੇ ਟੋਟੇ ਟੋਟੇ ਕਰਵਾ ਕੇ ਵੀ ਸਿੱਖੀ ਸਪਿਰਟ ਨੂੰ ਕਾਇਮ ਰੱਖਿਆ। ਕਿਸੇ ਕਵੀ ਨੇ ਠੀਕ ਹੀ ਕਿਹਾ ਹੈ:- ਡੁਲ੍ਹੇ ਜਾਂ ਖ਼ੂਨ ਸ਼ਹੀਦਾਂ ਦਾ, ਤਕਦੀਰ ਬਦਲਦੀ ਕੌਮਾਂ ਦੀ। ਰੰਬੀਆਂ ਨਾਲ ਖੋਪਰ ਲਹਿੰਦੇ ਜਾਂ ਤਸਵੀਰ ਬਦਲਦੀ ਕੌਮਾਂ ਦੀ।

Video Link of Lecture by the Author**https://www.youtube.com/watch?v=yBdDU7vX0i4&t=140**

**Sardar Ram Singh - A Unique Architect**

Prof. Dr Rajbir Singh Bhatti, Calgary (Canada)

Punjab is proud of a brilliant Sikh, S. Ram Singh, who dominated the fields of Interior and Building Designs and amalgamated Oriental and European styles to produce a beautiful new Architectural Legacy for the Indian sub-continent. England invited him to produce new architectural designs of great historic value for their palaces. He created panels in Indian Motifs and shipped them to England to make the famous 'Indian Billiard Room' at Bagshot Park in Surrey, Southwest of London. The Queen was so impressed with the design of her *Durbar Hall* that she asked her court artist, Rudolph Swoboda, to paint S. Ram Singh's portrait, which is now in the Osborne House, her summer home on the Isle of Wight. He was awarded the coveted titles of "*Sardar Sahib*", "*Sardar Bahadur*", Member of the Royal Victorian Order by King George V (MVO) and "*Kaiser-e- Hind*".

*Bhai* Ram Singh was born in a village near Batala (District Gurdaspur) on 1 August 1858, graduated from the Mission School, Amritsar and then went to Lahore in 1874 to join 'The Mayo School of Industrial Art', set up by sculptor John Lockwood Kipling (father of Nobel Laureate Rudyard Kipling). He also learnt wood, ivory, marble carving, and brass, bronze, and copper engraving.



In 1883, Sardar Ram Singh was appointed teacher in the Mayo School. He came in limelight in 1889, as a co-winner (along with the famous British architect Col. Swinton Jacob), in an All-India competition for the design of Aitchison College, Lahore. He designed "Punjab Showcase" for *Paris Universal Exhibition* in 1900) and was appointed Principal of Mayo School (now National College of Art) in 1910.

After retirement, he took over the family business in Mahan Singh Gate, Amritsar. He died on 23 December 1916 at Amritsar.

Interior Design of Queen's Hall, England



The Lahore Museum, West Punjab





Aitchison College, Lahore



College of Art and Design



Indian and other Asian Architectural styles were associated only with places of worship. He prepared designs combining Indian schools with the Western approach, using local materials, in the revivalist style of *Indo-Saracenic* (or *Indo-Gothic*) architecture. He designed his *alma-mater*, Punjab University, Lahore, Museum, Chamba House in Lahore, Islamia College, Peshawar, palaces in princely states of Jind, Nabha, Patiala, Bahawalpur, Jammu & Kashmir, Mysore and Governor's House in Shimla, Khalsa College (conferred with Heritage Status) and the Saragarhi Memorials in Amritsar.

Bhai Ram Singh was a versatile designer of all types of buildings and furniture using indigenous motifs. He popularized the exquisite *Pinjara* Woodwork and carvings of Amritsar all over the world. He designed the interior and ambulatory in wood for New Mission Church, Peshawar, and the railing around the Sarovar of *Darbar Sahib* (Golden Temple), Amritsar. Municipal Library-cum-Cultural Center of Amritsar is named in his memory. Bhai Ram Singh's landmark creations are his lasting legacy to both East and the West. (*Reference: Vandal, Pervaiz, and Sajida. The Raj, Lahore and Bhai Ram Singh. National College of Arts, Lahore, 2006).*

# ਤੈਨੂੰ ਕਹਾਂ ਪੰਜਾਬ ਸਿੰਆਂ

ਕਰਨਲ ਪ੍ਰਤਾਪ ਸਿੰਘ, ਅਮ੍ਰਿਤਸਰ (ਭਾਰਤ) 7888447875



ਤੈਨੂੰ ਕਹਾਂ ਪੰਜਾਬ ਸਿੰਆਂ, ਗੱਲ ਸੁਣਕੇ ਜਾਈਂ ਮੇਰੀ।
ਦੱਸ ਕਿੱਥੇ ਤੁਰ ਚੱਲਿਆਂ, ਲੈ ਚੱਲੀ ਕਿਧਰ ਹਨੇਰੀ।

ਤੂੰ ਏਥੇ ਵੱਸਦਾ ਸੀ, ਹਰ ਥਾਂ ਗੱਲ ਹੁੰਦੀ ਸੀ ਤੇਰੀ,
ਤੇਰੇ ਤਾਂ ਪੱਲੇ ਸੀ, ਪਾਈ ਦੌਲਤ ਰੱਬ ਬਥੇਰੀ।
ਆਪਣਾ ਦੇਸ ਨਹੀਂ ਛੱਡੀਦਾ ਢਾਈਦੀ ਨਹੀਂ ਐਵੇਂ ਢੇਰੀ,
ਤੈਨੂੰ ਕਹਾਂ ਪੰਜਾਬ ਸਿਆਂ ...

ਇਹ ਧਰਤੀ ਗੁਰੂਆਂ ਦੀ ਇਹਨੇ ਵੱਸਦੀ ਰਹਿਣਾ ਹੈ,
ਇਹਨੂੰ ਲੁੱਟੇ ਨਾ ਕੋਈ,ਸਿੱਖਾਂ ਦਾ ਗਹਿਣਾ ਹੈ।
ਏਥੇ ਰੌਣਕ ਰਹਿਣੀ ਹੈ ਰੱਬ ਰਹੂਗਾ ਪਾਉਂਦਾ ਫੇਰੀ ,
ਤੈਨੂੰ ਕਹਾਂ ਪੰਜਾਬ ਸਿੰਆਂ...

ਆਸਾ ਦੀ ਵਾਰ ਇੱਥੇ, ਰਾਗੀ ਗਾਉਂਦੇ ਰਹਿਣਗੇ,
ਸਿੱਖ ਦੂਣ ਸਵਾਏ ਜੀ, ਹੁੰਦੇ ਹੀ ਰਹਿਣਗੇ।
ਮੰਨੂੰ ਦੀਆਂ ਚਾਲਾਂ ਦੀ, ਏਥੇ ਬਹਿ ਜਾਣੀ ਹੈ ਬੇੜੀ,
ਤੈਨੂੰ ਕਹਾਂ ਪੰਜਾਬ ਸਿੰਆਂ ...

ਅਸੀਂ ਵੱਸਦੇ ਰਹਿਣਾ ਹੈ ਮੰਨ ਹਾਰ ਨਹੀਂ ਸਕਦੇ,
ਮੁਗਲਾਂ ਦੀਆਂ ਫੌਜਾਂ ਨੂੰ ਖੈਬਰ ਤੇ ਹਾਂ ਡੱਕਦੇ ।
ਕਾਬਲ ਦੀਆਂ ਗਲੀਆਂ ਵਿੱਚ, ਗੱਲ ਅਜੇ ਵੀ ਹੁੰਦੀ ਤੇਰੀ,
ਤੈਨੂੰ ਕਹਾਂ ਪੰਜਾਬ ਸਿੰਆਂ...

ਅੱਜ 'ਪ੍ਰਤਾਪ' ਪੁਕਾਰ ਰਿਹਾ, ਗੱਲ ਸੁਣਕੇ ਜਾਈਁ ਭਾਈ ,
ਮਿਹਨਤ ਨੂੰ ਬਰਕਤ ਹੈ ਕਰ ਰੱਜ ਕੇ ਨੇਕ ਕਮਾਈ ।
ਇਹ ਧਰਤੀ ਨਾਨਕ ਦੀ ਇਹ ਧਰਤੀ ਸਿੰਘਾ ਤੇਰੀ ,
ਤੈਨੂੰ ਕਹਾਂ ਪੰਜਾਬ ਸਿੰਆਂ..

## ਦਸਤਾਰਧਾਰੀ ਜਾਂਬਾਜ਼ : ਭਾਗ – 1

ਡਾ. ਹਰਸ਼ਿੰਦਰ ਕੌਰ, ਐੱਮ.ਡੀ., ਪਟਿਆਲਾ : 2216783

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘ ਸਜਾ ਕੇ ਉਨ੍ਹਾਂ ਅੰਦਰ ਜੋ ਰੂਹ ਪਾਈ, ਉਸ ਨੇ ਮਹਾਨ ਜਾਂਬਾਜ਼ ਪੈਦਾ ਕੀਤੇ। ਸਭ ਤੋਂ ਔਖਾ ਉਹ ਸਮਾਂ ਹੁੰਦਾ ਹੈ ਜਦੋਂ ਸਾਹਮਣੇ ਮੌਤ ਵੇਖ ਕੇ ਵੀ ਹੋਰਨਾਂ ਦੀ ਰਾਖੀ ਲਈ ਭਰ ਜਵਾਨੀ ਵਿਚ ਹਸਦਿਆਂ ਕੁਰਬਾਨ ਹੋ ਜਾਣਾ। ਆਪਣੇ ਜੰਮਣ ਵਾਲਿਆਂ, ਜੀਵਨ ਸਾਥਣ, ਗੋਦ ਵਿਚ ਪਿਆ ਬਾਲ ਅਤੇ ਆਉਣ ਵਾਲੇ ਖੁਸ਼ਨੁਮਾ ਪਲਾਂ ਨੂੰ ਕੁਰਬਾਨ ਕਰਕੇ ਸਿਰਫ਼ ਦੇਸ ਦਾ ਮਾਣ ਵਧਾਉਣ ਲਈ ਜਿਨ੍ਹਾਂ ਨੇ ਇਕ ਹੁੰਦਿਆਂ ਵੀ ਸਵਾ ਲਖ ਨਾਲ ਲੜ ਕੇ ਦਸਤਾਰ ਦੀ ਰੂਹਾਨੀ ਤਾਕਤ ਨੂੰ ਦਰਸਾਇਆ, ਉਨ੍ਹਾਂ ਦੀ ਮਿਸਾਲ ਕਿਧਰੇ ਨਹੀਂ ਦਿਸਦੀ।

ਜੈਸਲਮੇਰ ਦੇ ਫੌਜੀ ਇਲਾਕੇ ਵਿਚ ਰੋਜ਼ ਸ਼ਾਮ ਨੂੰ ਇਕ ਫਿਲਮ ਵਿਖਾਈ ਜਾਂਦੀ ਹੈ ਜਿਸ ਵਿਚ ਉਥੇ 23 ਪੰਜਾਬ ਰੈਜਮੈਂਟ ਦੀ ਵੀਰਤਾ ਦੀ ਕਹਾਣੀ ਦੁਹਰਾਈ ਜਾਂਦੀ ਹੈ। ਦਸਤਾਰਧਾਰੀ ਜਾਂਬਾਜ਼ਾਂ ਵਲੋਂ ਗੱਜ ਕੇ ਬੁਲਾਏ ਫਤਹਿ ਦੇ ਜੈਕਾਰੇ ਨੂੰ ਰੌਸ਼ਨੀਆਂ ਹੇਠ ਟੈਂਕਾਂ ਤੇ ਤੋਪਾਂ ਦੇ ਗੋਲਿਆਂ ਵਿਚ ਸੁਣਾਇਆ ਜਾਂਦਾ ਹੈ। ਮਹਾਵੀਰ-ਚੱਕਰ ਵਿਜੇਤਾ ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਦੀ ਸ਼ੇਰ ਵਰਗੀ ਦਹਾੜ ਸੁਣਦੀ ਤਾਂ ਲਹੂ ਉਬਾਲੇ ਖਾਣ ਲਗ ਪੈਂਦਾ। ਲੌਂਗੋਵਾਲ ਪੋਸਟ ਤੇ ਪਾਕਿਸਤਾਨ ਨਾਲ ਆਰ-ਪਾਰ ਦੀ ਇਸ ਜੰਗ ਤੋਂ ਪਹਿਲਾਂ ਖਾਲਸਾ ਝੰਡੇ ਵਿਖਾ ਕੇ, ਖੰਡਾ ਲਹਿਰਾ ਕੇ, ਗੱਜ ਕੇ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਨਾਲ 'ਜੈ ਹਿੰਦ' ਕਹਿੰਦਿਆਂ ਸਿੰਘ ਛਾਲਾਂ ਮਾਰਦਿਆਂ ਅਗਾਂਹ ਵਧਦੇ ਹਨ ਤਾਂ ਵੇਖਣ ਵਾਲੇ ਜਾਤ-ਪਾਤ, ਧਰਮ ਭੁਲ ਜਾਂਦੇ ਹਨ।



ਜਿਸ ਬਹਾਦਰੀ ਨਾਲ ਸਿੱਖ ਫੌਜੀਆਂ ਵਲੋਂ ਟੈਂਕਾਂ ਉੱਤੇ ਹਮਲਾ ਵਿਖਾਇਆ ਗਿਆ, ਮਾਣ ਨਾਲ ਸਿਰ ਉੱਚਾ ਹੋ ਜਾਂਦਾ। ਉਨ੍ਹਾਂ ਨੂੰ ਸ਼ਹੀਦ ਹੁੰਦਿਆਂ ਵੇਖ ਕੋਈ ਵੀ ਹੰਝੂ ਕੇਰਨ ਬਿਨਾਂ ਨਹੀਂ ਰਹਿੰਦਾ। ਜਿਉਂ ਹੀ 'ਦੇਹ ਸ਼ਿਵਾ' ਉਚਾਰਿਆ ਜਾਂਦਾ, ਸਭ ਖੜ੍ਹੇ ਹੋ ਕੇ ਚਾਂਦਪੁਰੀ ਜੀ ਦੇ ਚਿਹਰੇ ਦੇ ਜਲੌਅ ਨੂੰ ਵੇਖ ਸਲਾਮ ਕਰਨ ਲਈ ਮਜਬੂਰ ਹੋ ਜਾਂਦੇ। ਮੇਰੇ ਪਤੀ ਡਾ. ਗੁਰਪਾਲ ਸਿੰਘ ਦੇ ਸਿਰ ਸਜੀ ਦਸਤਾਰ ਵੇਖ ਹਰ ਫੌਜੀ ਨੇ ਸੈਲੂਟ ਕਰ ਕੇ ਇੱਜ਼ਤ ਦਿੰਦਿਆਂ ਕਿਹਾ-"ਆਜ ਜੈਸਲਮੇਰ ਅਗਰ ਭਾਰਤ ਕਾ ਹਿਸਾ ਹੈ ਤੋ ਸਿਰਫ਼ ਇਸ ਬੱਬਰ ਸ਼ੇਰ ਕੇ ਕਾਰਣ ਹੀ ਹੈ।ਸਿਖੋਂ ਕੇ ਜਜ਼ਬੇ ਕੋ ਸਲਾਮ ਹੈ"। ਸਾਰੇ 120 ਫੌਜੀਆਂ ਨੂੰ ਜਿਸ ਬਹਾਦਰੀ ਨਾਲ ਚਾਂਦਪੁਰੀ ਜੀ ਨੇ 5 ਅਤੇ 6 ਦਸੰਬਰ 1971 ਨੂੰ 20,000 ਪਾਕਿਸਤਾਨੀ ਫੌਜੀਆਂ, ਟੈਂਕਾਂ, ਤੋਪਾਂ ਦੇ ਸਾਹਮਣੇ ਜੂਝਣ ਲਈ ਟਿਕਾਈ ਰਖਿਆ, ਉਹ ਬ੍ਰਿਟੇਨ ਵਿਚ ਫੌਜ ਦੀ ਸਿਖਲਾਈ ਦਾ ਹਿਸਾ ਹੈ।

ਬੋਲੇ ਸੋ ਨਿਹਾਲ ਦੇ ਜੈਕਾਰੇ ਏਨੇ ਬੁਲੰਦ ਸਨ ਕਿ ਪਾਕਿਸਤਾਨੀਆਂ ਸਮਝਿਆ ਕਿ ਸ਼ੌਰੇ 50,000 ਦੀ ਫੌਜ ਖੜ੍ਹੀ ਹੋਈ ਹੈ। ਏਨੀ ਫੌਜ ਨਾਲ ਜੂਝਦਿਆਂ ਸਿਰਫ਼ ਦੋ ਸ਼ਹੀਦੀਆਂ ਹੋਣੀਆਂ ਤੇ ਦੁਸ਼ਮਣ ਫੌਜੀਆਂ ਅਤੇ ਉਨ੍ਹਾਂ ਦੇ ਟੈਂਕਾਂ ਨੂੰ ਨੇਸਤਾ ਨਾਬੂਤ ਕਰ ਦੇਣਾ ਕੋਈ ਮਾਮੂਲੀ ਗਲ ਨਹੀਂ ਸੀ। ਜਨਰਲ ਬਿਕਰਮ ਸਿੰਘ ਜੀ ਨੂੰ ਅਜ ਤਾਈਂ ਚੀਨੀ ਭੁਲਾ ਨਹੀਂ ਸਕੇ ਅਤੇ "ਡਰੈਗਨ ਕਿਲਰ" ਵਜੋਂ ਜਾਣਦੇ ਹਨ। ਸੰਨ 1962 ਵਿਚ ਲਦਾਖ ਵਿਚ ਚੀਨੀ ਫੌਜ ਵਿਚ ਜਿਸ ਤਰਾਂ ਦਹਿਸ਼ਤ ਫੈਲਾਈ, ਫੌਜੀ ਦਸਤਾਰ ਵੇਖਦਿਆਂ ਪਿਛਾਂਹ ਭਜਣ ਲਗ ਪਏ ਸਨ। ਲਦਾਖੀ ਬੋਧੀਆਂ ਨੇ ਅਜਿਹੀ ਬਹਾਦਰੀ ਬਾਰੇ ਕਦੇ ਸੁਣਿਆ ਵੇਖਿਆ ਹੀ ਨਹੀਂ ਸੀ ਤੇ 'ਸਿੰਘਾਂ' ਦੀ ਤਾਕਤ ਦਾ ਅੰਦਾਜ਼ਾ ਹੀ ਨਹੀਂ ਸੀ। ਹਰ 'ਲਾਮਾ' ਆਪਣੇ ਗੋਂਪੇ, ਬੁਧ ਮੋਨੈਸਟਰੀ ਅਤੇ ਲੋਕ ਗੀਤਾਂ ਵਿਚ ਜਨਰਲ ਬਿਕਰਮ ਸਿੰਘ ਨੂੰ ਹੀਰੋ ਵਜੋਂ ਯਾਦ ਕਰਦਾ ਹੈ। ਜੰਮੂ ਵਿਚ ਇਕ ਚੌਂਕ ਦਾ ਨਾਂ ਬਿਕਰਮ ਸਿੰਘ ਉੱਤੇ ਰਖਿਆ ਗਿਆ ਹੈ ਅਤੇ ਉੱਥੇ ਉਨ੍ਹਾਂ ਦਾ ਬੁਤ ਸੁਸ਼ੋਭਿਤ ਹੈ।

ਫ਼ਰੀਦਕੋਟ ਦੇ ਨਾਯਾਬ ਹੀਰਾ ਮਹਾਵੀਰ-ਚਕਰ ਵਿਜੇਤਾ ਬ੍ਰਿਗੇਡੀਅਰ ਸੰਤ ਸਿੰਘ ਦਾ ਨਾਮ ਭਾਰਤੀ ਫੌਜ ਦੇ ਚਮਕਦੇ ਸਿਤਾਰਿਆਂ ਦੀ ਸਿਖਰਲੀ ਕਤਾਰ ਵਿਚ ਸ਼ਾਮਲ ਹੈ। ਦੁਸ਼ਮਣਾਂ ਦੇ ਛੱਕੇ ਛੁਡਾਉਣ ਵਾਲਾ ਇਹ "ਸੰਤ ਸਿਪਾਹੀ" ਵਜੋਂ ਯਾਦ ਕੀਤਾ ਜਾਂਦਾ ਹੈ। ਸਵਾ ਲਖ ਨਾਲ ਲੜਣ ਵਾਲਾ, ਸ਼ਾਂਤ ਸੁਭਾਅ ਅਤੇ ਖਿੜੇ ਮਥੇ ਵਾਲੇ ਇਸ ਜਾਂਬਾਜ਼ ਦੇ 1965 ਅਤੇ 1971 ਦੇ ਜੰਗਾਂ ਵਿਚ ਬਹਾਦਰੀ ਦੇ ਕਾਰਨਾਮੇ ਭੁਲਦੇ ਨਹੀਂ।

ਪਾਕਿਸਤਾਨ ਦੀ ਭਾਰੀ ਫੌਜ ਦਾ ਜਿਸ ਬਹਾਦਰੀ ਨਾਲ ਥੋੜੇ ਜਿੰਨੇ ਫੌਜੀਆਂ ਨਾਲ ਸਾਹਮਣਾ ਕਰ ਕੇ, ਮੈਮਨ ਸਿੰਘ ਅਤੇ ਮਾਧੋਪੁਰ ਇਲਾਕਾ ਭਾਰਤ ਨਾਲ ਜੋੜਿਆ, ਇਹ ਸਿਰਫ਼ ਸੰਤ ਸਿਪਾਹੀ ਦੇ ਜੈਕਾਰਿਆਂ ਸਦਕਾ ਹੀ ਸੰਭਵ ਹੋਇਆ। ਸਵਾ ਲਾਖ ਸੇ ਏਕ ਲੜਾਉਂ ਦਾ ਇਤਿਹਾਸ ਮੇਜਰ ਜਨਰਲ ਰਾਜਿੰਦਰ ਸਿੰਘ ਸਪੈਰੋ ਜੀ ਨੇ ਲਿਖਿਆ!

1947 ਵਿਚ 'ਝੰਗਰ' ਨੂੰ ਪਾਕਿਸਤਾਨ ਹਥੋਂ ਬਚਾ ਕੇ ਭਾਰਤ ਵਿਚ ਸ਼ਾਮਲ ਕਰਨ ਲਈ ਅਤੇ ਫਿਰ 1965 ਦੀ ਜੰਗ ਵਿਚ ਮਹਾਵੀਰ ਚੱਕਰ ਮਿਲੇ। ਇਸ ਬੱਬਰ ਸ਼ੇਰ ਸਪੈਰੋ ਨੇ ਫਿਲੌਰਾ ਦੀ ਜੰਗ ਵਿਚ ਆਪਣੀ ਛੋਟੀ ਜਿਹੀ ਫੌਜੀ ਟੁਕੜੀ ਨਾਲ 15 ਦਿਨ ਲਗਾਤਾਰ ਦੁਸ਼ਮਣਾਂਾਂ ਨਾਲ ਟਕਰ ਲੈਂਦਿਆਂ ਬਾਜ਼ ਵਾਂਗ ਵਾਰ ਕਰਦਿਆਂ 250 ਟੈਂਕ ਫੂੰਡ ਸੁਟੇ। ਜੋਜ਼ਿਲਾ ਪਾਸ ਉੱਤੇ ਦੁਸ਼ਮਣਾਂ ਨੂੰ ਮੂੰਹ ਦੀ ਸਿਰਫ਼ ਇਸ ਕਰਕੇ ਖਾਣੀ ਪਈ ਕਿਉਂਕਿ ਉੱਡਣੇ ਬਾਜ਼ ਨੇ ਇੱਥੇ ਟੈਂਕ ਪਹੁੰਚਾ ਕੇ ਦੁਸ਼ਮਨਾਂ ਦੇ ਦੰਦ ਖੱਟੇ ਕਰ ਦਿਤੇ। ਇਹ ਦੁਨੀਆ ਦਾ ਵਿਲੱਖਣ ਰਿਕਾਰਡ ਹੈ। ਉਸ ਨੇ ਵਿਸ਼ਵ ਜੰਗ ਦੂਜੀ ਵਿਚ ਵੀ ਬਹਾਦਰੀ ਦੇ ਜੌਹਰ ਵਿਖਾਏ ਸਨ। ਸੰਨ 1948 ਦੇ ਕਸ਼ਮੀਰ ਅਪਰੇਸ਼ਨ ਦੌਰਾਨ ਲਦਾਖ ਦਾ ਰਾਹ ਖੋਲਣ ਵਾਲਾ ਇਹ ਬੱਬਰ ਸ਼ੇਰ ਦਸਤਾਰ ਦਾ ਮਾਣ ਵਧਾ ਗਿਆ। ਸਲਾਮ ਉਸ ਦੇ ਜਜ਼ਬੇ ਨੂੰ।

…

Video by Dr Harshinder Kaur on
ਕਲੌਂਜੀ ਦੇ ਫ਼ਇਦੇ

https://youtu.be/cPRowNfvhcY

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਮਹਿਮਾ ਦਾ ਵਰਣਨ

ਬ੍ਰਿਜਮਿੰਦਰ ਕੌਰ, ਜੈਪੁਰ, ਰਾਜਸਥਾਨ (ਭਾਰਤ)



ਸਵਯੇ ਮੁਖਬਾਕ ਮਹਲਾ- 5 - ਨਲ੍ਯ

ਸਮਰਥ ਗੁਰੂ ਸਿਰਿ ਹਥੁ ਧਰੵਉ॥

॥ਅੰਗ 1400॥

ਸਰਵ-ਸ਼ਕਤੀਮਾਨ ਗੁਰੂ ਦਇਆ ਕਰ ਕੇ ਸੇਵਕਾਂ ਦੇ ਸਿਰ ਉਤੇ ਆਪਣੀ ਮਿਹਰ ਭਰਿਆ ਹਥ ਰਖਦਾ ਹੈ।

**ਰਾਗੁ ਸੂਹੀ ਮਹਲਾ - 1.**

ਦੀਵਾ ਬਲੈ ਅੰਧੇਰਾ ਜਾਇ॥

॥ਅੰਗ 791॥

ਗੁਰੂ ਦੇ ਗਿਆਨ ਦਾ ਦੀਪਕ ਜਗਿਆਂ ਅਗਿਆਨਤਾ ਦਾ ਅਨ੍ਹੇਰਾ ਦੂਰ ਹੋ ਜਾਂਦਾ ਹੈ।

ਨਾਨਕ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ॥

॥2॥ਅੰਗ 791॥

ਨਾਨਕ ਤੂੰ ਉਸ ਪਰਮਾਤਮਾ ਦੀ ਸਿਫ਼ਤ ਸਲਾਹੁਣਾ ਕਰ ਜੋ ਸਾਰਿਆਂ ਨੂੰ ਆਸਰਾ ਦਿੰਦਾ ਹੈ।

ਸਚੁ ਬਾਣੀ ਗੁਣ ਉਚਰੈ ਸਚਾ ਸੁਖੁ ਪਾਏ॥

॥ਅੰਗ 791॥

ਸੱਚੀ ਗੁਰਬਾਣੀ ਦੀਆਂ ਸਿਫਤਾਂ ਉਚਾਰ ਕੇ ਸੱਚਾ ਸੁਖ ਮਿਲਦਾ ਹੈ।

ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ॥

॥ਅੰਗ 791॥

ਜਿਥੇ ਬ੍ਰਹਮ ਗਿਆਨ ਪ੍ਰਗਟ ਹੁੰਦਾ ਹੈ ਮਨੁੱਖ ਦੀ ਬੇਸਮਝੀ ਦੂਰ ਹੋ ਜਾਂਦੀ ਹੈ।

ਬੇਦ ਪਾਠ ਮਤਿ ਪਾਪਾ ਖਾਇ॥

॥ਅੰਗ 791॥

ਧਾਰਮਕ ਗ੍ਰੰਥ ਵਾਚਣ ਦੁਆਰਾ ਗੁਨਾਹ-ਭਰੀ ਅਕਲ ਨਾਸ ਹੋ ਜਾਂਦੀ ਹੈ।

ਜਿ ਪ੍ਰਭੁ ਸਾਲਾਹੇ ਆਪਣਾ ਸੋ ਸੋਭਾ ਪਾਏ॥

॥ਅੰਗ 791॥

ਜੋ ਆਪਣੇ ਪ੍ਰਭੂ ਦੇ ਗੁਣਾਂ ਦੀ ਪਰਸੰਸਾ ਕਰਦਾ ਹੈ, ਉਹ ਪ੍ਰਭੁਤਾ ਨੂੰ ਪਾ ਲੈਂਦਾ ਹੈ।

**ਰਾਗੁ ਸੂਹੀ – ਭਗਤ ਕਬੀਰ ਜੀ**

ਸਾਧ ਸੰਗਿ ਜਾ ਕਉ ਹਰਿ ਰੰਗੁ ਲਾਗਾ॥
ਧਨੁ ਧਨੁ ਸੋ ਜਨੁ ਪੁਰਖੁ ਸਭਾਗਾ॥

॥ਅੰਗ 792॥

ਭਲੇ ਪੁਰਖਾਂ ਦੀ ਸੰਗਤ ਵਿਚ ਜਿਸ ਨੂੰ ਪ੍ਰਭੂ ਦੇ ਪਿਆਰ ਵਾਲਾ ਰੰਗ ਲਗ ਜਾਂਦਾ ਹੈ ਉਹ ਚੰਗੇ ਭਾਗਾਂ ਅਤੇ ਨਸੀਬਾਂ ਵਾਲਾ ਹੁੰਦਾ ਹੈ।

**ਰਾਗੁ ਸੂਹੀ ਮਹਲਾ– 2**

ਜੋ ਤੇਰੀ ਸਰਣਾਗਤੀ ਤਿਨ ਲੈਹਿ ਛਡਾਈ॥

॥ਅੰਗ 792॥

ਜਿਹੜੇ ਤੇਰੀ ਸ਼ਰਣ ਆਉਂਦੇ ਹਨ, ਉਨ੍ਹਾਂ ਦੀ ਤੂੰ ਬੰਦ–ਖਲਾਸੀ ਕਰਾ ਦਿੰਦਾ ਹੈਂ।

ਤੂ ਅਗਮ ਦਇਆਲੁ ਅਗੰਮੁ ਹੈ ਆਪਿ ਲੈਹਿ ਮਿਲਾਈ॥

॥ਅੰਗ 792॥

ਤੂੰ ਪਹੁੰਚ ਤੋਂ ਪਰੇ, ਮਿਹਰਬਾਨ ਅਤੇ ਅਥਾਹ ਹੈਂ। ਖੁਦ ਹੀ ਤੂੰ ਆਪਣੇ ਨਾਲ ਮਿਲਾਂਦਾ ਹੈਂ।

**ਰਾਗੁ ਸੂਹੀ ਭਗਤ ਕਬੀਰ ਜੀ**

ਈਤ ਊਤ ਜਨ ਸਦਾ ਸੁਹੇਲੇ॥

॥ਅੰਗ 792॥

ਇਸ ਸੰਸਾਰ ਵਿਚ ਅਤੇ ਅੱਗੇ ਸਾਈਂ ਦੇ ਗੋਲੇ ਹਮੇਸ਼ਾਂ ਹੀ ਖੁਸ਼ ਰਹਿੰਦੇ ਹਨ।

ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ॥

॥ਅੰਗ 793॥

ਜਿਸ ਹਿਰਦੇ ਅੰਦਰ ਵਾਹਿਗੁਰੂ ਆਪਣਾ ਨਾਮ ਟਿਕਾਉਂਦਾ ਹੈ, ਉਸ ਦੀ ਤ੍ਰੇਹ ਬੁਝ ਜਾਂਦੀ ਹੈ।

ਜਨਮੁ ਪਦਾਰਥੁ ਜੀਤਿ ਅਮੋਲੇ॥

॥ਅੰਗ 793॥

ਉਹ ਮਨੁੱਖਾ–ਜੀਵਨ ਦੀ ਅਣਮੁੱਲੀ ਦੌਲਤ ਨੂੰ ਜਿੱਤ ਲੈਂਦੇ ਹਨ।

**ਰਾਗੁ ਸੂਹੀ ਮਹਲਾ – 2**

ਸਤਿਗੁਰ ਚਰਣੀ ਲਗਿਆ ਹਰਿ ਨਾਮੁ ਨਿਤ ਜਪਨੀ॥

॥ਅੰਗ 793॥

ਗੁਰਾਂ ਦੀ ਸਿੱਖਿਆ ਨਾਲ ਜੁੜਿਆਂ, ਸਦਾ ਹੀ ਸੁਆਮੀ ਦੇ ਨਾਮ ਦਾ ਸਿਮਰਨ ਮਿਲਦਾ ਹੈ।

ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ॥

॥ਅੰਗ 792॥

ਮੈਂ ਕੀੜੇ ਵਰਗਾ ਜੀਵ ਤੇਰੀ ਕੀ ਸਿਫ਼ਤ ਕਰ ਸਕਦਾ ਹਾਂ? ਵਿਸ਼ਾਲ ਹੈ ਤੇਰੀ ਵਿਸ਼ਾਲਤਾ।

Global Sikh Council
Voice of Sikhs Worldwide
www.globalsikhcouncil.org

੧ੴ SIKH WISDOM

# Embracing responsibility of your actions according to Guru Granth Sahib ji

In the journey of life, we often come face to face with the repercussions of our choices and actions. It is during these moments of contemplation that the profound wisdom of Guru Granth Sahib, the sacred scripture of Sikhism, shines brightly, illuminating the path of personal accountability. The verses within its pages emphasize that we alone are responsible for our deeds and ultimately bear the fruits of our actions.

One such verse, found on (SGGS 4), serves as a powerful reminder of our individual responsibility. "ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥੨੦॥" These words of Guru Nanak Sahib resonate deeply, conveying the message that just as a seed contains the potential to grow into a specific plant, we possess the power to shape our lives through our choices. When we sow positive actions and virtuous intentions, we shall reap the fruits of righteousness. This shabad encourages us to embrace the divine order and surrender to the will of the Supreme Being, acknowledging that everything unfolds according to a higher plan.

To illustrate this principle, let us consider the example of a student preparing for an important exam. If they invest their time and effort into studying diligently, they are likely to achieve favorable results. However, relying solely on luck and neglecting their studies may lead to an unfavorable outcome. By recognizing their responsibility to adequately prepare, they can take charge of their academic journey and manifest success.

Another shabad, found on (SGGS 134), emphasizes the principle of karma and its impact on our lives. "ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥" These words highlight the idea that we reap what we sow. Our actions are like seeds that determine our destiny. If we sow seeds of love, compassion, and kindness, we shall reap a bountiful harvest of joy and harmony. Conversely, if we engage in negative deeds and harm others, we shall face the consequences of our actions.

Consider a person who consistently helps others selflessly, without expecting anything in return. Their benevolent actions create a positive energy that fosters a community built on trust and support. In contrast, someone who spreads rumors and engages in divisive behavior will likely encounter a fragmented and mistrustful social environment. This shabad encourages us to reflect upon our actions and consciously choose seeds that will yield positive outcomes.

The teachings of Guru Granth Sahib guide us to refrain from blaming others for our misfortunes, as highlighted in a shabad found on (SGGS 433). "ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥ ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧॥" These words serve as a reminder that it is inappropriate to shift blame onto others. Each individual is accountable for their own actions and their consequences.

By acknowledging our shortcomings, we can learn from our mistakes and embark on a path of personal growth. Suppose a person fails to meet a deadline at work and faces the repercussions. Instead of blaming external factors or colleagues, they accept responsibility for their actions.

They recognize that their procrastination or poor time management led to the outcome. By taking ownership and committing to rectify their approach, they can demonstrate personal accountability and strive for improvement.

The teachings of Guru Granth Sahib instill in us the importance of personal accountability. Through these shabads, we gain a profound understanding that our actions shape our destiny, and we bear the responsibility for the consequences they bring. By adopting an attitude of self-reflection, acceptance, and continuous self-improvement, we can lead a life of purpose and integrity.

Let us heed the wisdom of Guru Granth Sahib and embrace the power of personal accountability, for it empowers us to shape our own destinies and contribute positively to the world around us. In recognizing our ability to sow the seeds of righteousness, we pave the way for a future filled with compassion, harmony, and personal growth.

**S. Amrit Pal Singh Sachdeva**
President of Global Sikh Council
& Founder of Sikh Wisdom
amritpal@sikhwisdom.org



ਸ਼ਬਦ-ਸਫ਼ਰ-੨੩੧

ਸਲਾਦ

'ਸਲਾਦ' ਦੇ ਅਰਥ ਤੇ ਗੁਣਾਂ ਤੋਂ ਤਾਂ ਸਾਰੇ ਜਾਣੂੰ ਹੀ ਹੋਣਗੇ। 'ਸਲਾਦ' ਅੰਗਰਜ਼ੀ 'salad' ਦਾ ਤਦਭਵ ਰੂਪ ਹੈ। ਇਹ ਮੂਲ ਰੂਪ ਵਿੱਚ ਲਾਤੀਨੀ sal ਤੋਂ ਆਇਆ ਹੈ ਜਿਸ ਦਾ ਭਾਵ ਲੂਣ/ਨਮਕ ਹੈ। ਫਰਾਂਸੀਸੀ ਵਿੱਚ ਇਸ ਨੂੰ salade ਕਿਹਾ ਜਾਂਦਾ ਹੈ। ਲੂਣ ਦੀ ਮਨੁੱਖੀ ਜ਼ਿੰਦਗੀ ਵਿੱਚ ਬੜੀ ਅਹਿਮੀਅਤ ਰਹੀ ਹੈ। ਕੱਚੀਆਂ ਸਬਜ਼ੀਆਂ ਨੂੰ ਲੂਣ ਲਾ ਕੇ ਖਾਣ ਦਾ ਪ੍ਰਚਲਣ ਬਹੁਤ ਪੁਰਾਣਾ ਹੈ। 'ਸਲਾਦ'(salad) ਦਾ ਮੂਲ ਅਰਥ 'ਲੂਣ ਲਾ ਕੇ ਰੱਖੀਆਂ ਜੜੀਆਂ ਬੂਟੀਆਂ'(salted herbs) ਹੈ। ਲੂਣ(salt) ਤੋਂ ਹੀ ਅੰਗਰੇਜ਼ੀ salary ਬਣਿਆ ਹੈ ਜਿਸ ਦੀ ਵਰਤੋਂ ਪੰਜਾਬੀ ਵਿੱਚ ਵੀ ਕੀਤੀ ਜਾਂਦੀ ਹੈ।

ਸਕੂਲ ਸਿੱਖਿਆ ਵਿਭਾਗ, ਪੰਜਾਬ

ਪੇਸ਼ਕਰਤਾ

ਜਸਵਿੰਦਰ ਸਿੰਘ 'ਜਲਾਲ' (9915397716)

A lecture by Prof (Dr) Surjit Singh Bhatti to commemorate the death nniversary of Sher-e-Punjab Maharaja Ranjit Singh

## ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ

### ਅੱਜ ਦਾ ਸ਼ਬਦ

**ਸੁਹੱਪਣ**

ਲੜੀ ਨੰ:-318



ਸੁਹੱਪਣ ਤੋਂ ਭਾਵ ਸੁੰਦਰਤਾ, ਖ਼ੂਬਸੂਰਤੀ, ਸੋਹਣਾ, ਰੱਜ ਕੇ ਤਾਰੀਫ਼ ਕਰਨ ਦੇ ਕਾਬਿਲ ਹੈ। ਸੁਹੱਪਣ ਮਨੁੱਖ ਦਾ ਸਭ ਤੋਂ ਉੱਤਮ ਅਤੇ ਸੁੱਚਾ ਗਹਿਣਾ ਹੈ। ਦੁਨੀਆ ਸੁਹੱਪਣ ਦੀ ਦੀਵਾਨੀ ਹੈ। ਛੋਟੇ ਅਰਥਾਂ ਵਿੱਚ ਜਵਾਨੀ ਦੇ ਜਲੌਅ ਨੂੰ ਸੁਹੱਪਣ ਦੇ ਸੰਦਰਭ ਵਿੱਚ ਲਿਆ ਗਿਆ ਹੈ ਪਰ ਇਹ ਸਹੀ ਨਹੀਂ। ਸੁਹੱਪਣ ਰਸ, ਅਲੰਕਾਰ, ਪ੍ਰਤੀਕ, ਬਿੰਬਾਂ, ਅਲਫ਼ਾਜ਼, ਅਤੇ ਛੰਦਾਬੰਦੀ ਵਿੱਚ ਸ਼ਿੰਗਾਰੀ ਰਚਨਾ, ਕਿਸੇ ਦੇ ਮਿਠਾਸ ਭਰੇ ਚੁਣਵੇਂ ਬੋਲ, ਫਲ਼, ਫੁੱਲਾਂ ਨਾਲ਼ ਲੱਦੇ ਰੁੱਖਾਂ ਦੀ ਕਤਾਰ, ਪਹਾੜੀਆਂ 'ਚੋਂ ਕਲ-ਕਲ ਕਰਦੇ ਪਾਣੀ, ਸੁੰਨੇ-ਸੁੰਨੇ ਰਾਹਾਂ ਵਿੱਚ ਸੁਣਦੀਆਂ ਪੰਛੀਆਂ ਦੀਆਂ ਅਵਾਜ਼ਾਂ, ਘਰ ਦੀ ਸੁਆਣੀ ਦੁਆਰਾ ਸਜਾਏ ਭਾਂਡੇ, ਕੱਪੜੇ, ਬੱਚਿਆਂ ਦੇ ਖਿਡੌਣੇ ਆਦਿ ਸੁਹੱਪਣ ਦੀ ਪ੍ਰਦਰਸ਼ਨੀ ਕਰਦੇ ਹਨ।

ਸੰਸਕ੍ਰਿਤ ਦੇ ਪ੍ਰਸਿੱਧ ਵਿਦਵਾਨ ਦੰਡੀ ਦੇ ਅਨੁਸਾਰ 'ਕਾਵਿ ਦੇ ਸੁਹੱਪਣ ਵਾਲ਼ੇ ਤੱਤ ਨੂੰ ਅਲੰਕਾਰ ਕਿਹਾ ਜਾਂਦਾ ਹੈ।'

ਸੁਹੱਪਣ ਸਾਦਗੀ ਵਿੱਚੋਂ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਸੁਹੱਪਣ ਸਦਾ ਪ੍ਰਸ਼ੰਸਾ ਦਾ ਹੱਕਦਾਰ ਹੁੰਦਾ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਜਮਾਤ ਦੀ ਸਾਹਿਤ-ਮਾਲ਼ਾ ਪਾਠ-ਪੁਸਤਕ ਵਿੱਚ ਦਰਜ ਸ. ਗੁਰਬਖਸ਼ ਸਿੰਘ ਦੇ ਲਿਖੇ ਨਿਬੰਧ 'ਬੋਲੀ' ਵਿੱਚ ਇਸ ਸ਼ਬਦ ਦਾ ਜ਼ਿਕਰ ਆਇਆ ਹੈ।

'ਮੂੰਹ ਮਨੁੱਖ ਦੇ ਸਰੀਰ ਦਾ ਚਿੱਤਰ ਹੈ। ਇਹਦੇ ਤੋਂ ਉਹਦੇ ਸਰੀਰ ਦਾ **ਸੁਹੱਪਣ** ਜਾਂ ਕੋਝ ਪਛਾਣਿਆ ਜਾਂਦਾ ਹੈ।'

ਵਿਦਿਆਰਥੀ ਇਸ ਸ਼ਬਦ ਦੀ ਵਰਤੋਂ ਕਰਕੇ ਤਿੰਨ ਵਾਕ ਆਪਣੀ ਕਾਪੀ ਵਿੱਚ ਲਿਖਣ।

ਜਸਕਰਨ ਸਿੰਘ ਪੰਜਾਬੀ ਮਾਸਟਰ ਸ਼ਹੀਦ ਨਾਇਕ ਨਿਰਮਲ ਸਿੰਘ ਸ. ਸ. ਸ. ਸਮਾਰਟ ਸਕੂਲ ਕੁਸਲਾ ਜ਼ਿਲ੍ਹਾ ਮਾਨਸਾ
ਗੁਰਪਾਲ ਸਿੰਘ ਬਿਲਾਵਲ ਡੀ.ਐੱਮ. ਪੰਜਾਬੀ ਸ.ਹ.ਸ. ਸੰਘੇੜਾ (ਬਰਨਾਲ਼ਾ)

## ਸਕੂਲ ਸਿੱਖਿਆ ਵਿਭਾਗ, ਪੰਜਾਬ

## ਅਗੱਸਤ ਦਾ ਮਹੀਨਾ

ਰੁਬੀਨਾ ਸਿੰਘ, ਕੈਲਗਰੀ ਯੂਨੀਵਰਸਿਟੀ (ਕੈਨੇਡਾ)

ਇਸ ਮਹੀਨੇ ਦਾ ਨਾਮ ਰੋਮ ਦੇ ਆਗਸਟਸ ਤੋਂ ਪਿਆ ਜੋ ਜੂਲੀਅਸ ਸੀਜ਼ਰ ਤੋਂ ਬਾਅਦ ਸ਼ਾਸਕ ਬਣਿਆ। 'ਆਗਸਟ' ਦਾ ਅਰਥ ਹੈ "ਸਨਮਾਨਿਤ"। 30 ਅਗੱਸਤ 1604 ਨੂੰ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਵਲੋਂ "ਆਦਿ ਗ੍ਰੰਥ" ਦੀ ਸੰਪਾਦਨਾ ਸੰਪੂਰਨ ਕੀਤੀ ਗਈ ਸੀ।"ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ", ਜੋ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਮਹਾਰਾਜ ਦਾ ਜਨਮ ਦਿਨ ਹੈ, ਇਸੇ ਮਹੀਨੇ ਮਨਾਇਆ ਜਾਂਦਾ ਹੈ। ਇਕ ਅਗੱਸਤ 1958 ਭਾਈ ਰਾਮ ਸਿੰਘ ਜੀ ਦਾ ਜਨਮ ਦਿਨ ਹੈ ਜੋ ਵਿਸ਼ਵ ਦੇ ਪ੍ਰਸਿੱਧ ਚਿਤਰਕਾਰ ਅਤੇ ਡਿਜ਼ਾਈਨਰ ਸਨ।

ਨਾਨਕਸ਼ਾਹੀ ਕੈਲੰਡਰ ਅਨੁਸਾਰ, ਭਾਦੋਂ (ਜਾਂ ਭਾਦਰੋਂ) ਦਾ ਮਹੀਨਾ ਅਗੱਸਤ ਦੀ 16 ਤਾਰੀਖ ਤੋਂ ਸ਼ੁਰੂ ਹੁੰਦਾ ਹੈ। ਅਗੱਸਤ ਦੀਆਂ ਹੋਰ ਮਹੱਤਵਪੂਰਨ ਅੰਤਰ-ਰਾਸ਼ਟ੍ਰੀ ਘਟਨਾਵਾਂ ਵਿਚ ਕੁਝ ਇਸ ਤਰ੍ਹਾਂ ਹਨ।

6-ਅਗੱਸਤ ਉਹ ਦੁਖਦਾਈ ਦਿਨ ਹੈ ਜਦੋਂ 1945 ਵਿਚ ਵਿਸ਼ਵ-ਯੁੱਧ ਦੌਰਾਨ ਅਮਰੀਕਾ ਨੇ ਹੀਰੋਸ਼ੀਮਾ (ਜਾਪਾਨ) ਉੱਤੇ ਐਟਮੀ ਬੰਬ ਸੁੱਟਿਆ ਸੀ।

9-ਅਗੱਸਤ ਨੂੰ ਦੂਜੀ ਵਾਰ ਅਮਰੀਕਾ ਨੇ ਨਾਗਾਸਾਕੀ (ਜਾਪਾਨ) ਉੱਤੇ ਇੱਕ ਹੋਰ ਐਟਮੀ ਬੰਬ ਸੁੱਟਿਆ ਸੀ। ਇਨ੍ਹਾਂ ਬੰਬਾਂ ਕਰ ਕੇ ਲੱਖਾਂ ਨਿਰਦੋਸ਼ ਵਿਅਕਤੀ ਮਾਰੇ ਗਏ ਸਨ।

12-ਅਗੱਸਤ 'ਵਿਸ਼ਵ ਯੁਵਾ ਦਿਵਸ' ਨੌਜਵਾਨਾਂ ਨੂੰ ਸਮਾਜਿਕ ਮੁੱਦਿਆਂ 'ਤੇ ਆਵਾਜ਼ ਬੁਲੰਦ ਕਰਨ ਲਈ ਉਤਸ਼ਾਹਿਤ ਕਰਨ ਲਈ ਹੈ।

13-ਅਗੱਸਤ 'ਅੰਗ ਦਾਨ ਦਿਵਸ' ਅੰਗ ਦਾਨ ਦੇ ਮਹੱਤਵ ਲਈ ਨੀਯਤ ਕੀਤਾ ਗਿਆ ਹੈ।

15-ਅਗੱਸਤ ਭਾਰਤ ਦਾ ਸੁਤੰਤਰਤਾ ਦਿਵਸ ਹੈ ਜਦੋਂ ਭਾਰਤ ਨੂੰ 1947 ਵਿੱਚ ਬਰਤਾਨੀਆ ਤੋਂ ਆਜ਼ਾਦੀ ਮਿਲੀ ਸੀ।

19-ਅਗੱਸਤ 'ਏਵੀਏਸ਼ਨ-ਡੇ' ਓਰਵਿਲ ਅਤੇ ਵਿਲਬਰ ਰਾਈਟ, 1903 ਵਿਚ ਪਹਿਲੇ ਹਵਾਈ ਜਹਾਜ਼ ਬਣਾਉਣ ਵਾਲਿਆਂ ਨੂੰ ਯਾਦ ਕੀਤਾ ਜਾਂਦਾ ਹੈ। ਇਹ ਓਰਵਿਲ ਦਾ ਜਨਮ ਦਿਨ ਸੀ।

21-ਅਗੱਸਤ 'ਸੀਨੀਅਰ ਸਿਟੀਜ਼ਨ ਡੇ' ਬਜ਼ੁਰਗਾਂ ਦਾ ਸਨਮਾਨ ਕਰਨ ਅਤੇ ਉਮਰ ਦੇ ਭੇਦਭਾਵ ਤੋਂ ਬਚਾਉਣ ਦੀ ਯਾਦ ਦਿਵਾਉਂਦਾ ਹੈ।

22-ਅਗੱਸਤ ਉਨ੍ਹਾਂ ਲੋਕਾਂ ਦੀ ਸੁਰੱਖਿਆ ਲਈ ਅੰਤਰਰਾਸ਼ਟਰੀ ਦਿਵਸ ਮਨਾਉਂਦੇ ਹਨ ਜਿਨ੍ਹਾਂ ਨੂੰ ਧਰਮ ਦੇ ਆਧਾਰ 'ਤੇ ਹਿੰਸਾ ਦਾ ਸ਼ਿਕਾਰ ਬਣਾਇਆ ਜਾਂਦਾ ਹੈ।

25 ਤੋਂ 30 ਅਗੱਸਤ 'ਵਿਸ਼ਵ ਜਲ ਹਫ਼ਤਾ' ਪਾਣੀ ਦੀ ਦੁਨੀਆਂ ਭਰ ਵਿਚ ਜਾਂਚ ਅਤੇ ਪੀਣ ਵਾਲੇ ਸਾਫ ਪਾਣੀ ਦੀ ਕਮੀ ਦੇ ਮੁੱਦਿਆਂ 'ਤੇ ਧਿਆਨ ਦੇਣ ਲਈ ਮਨਾਇਆ ਜਾਂਦਾ ਹੈ।

29-ਅਗੱਸਤ 'ਐਟਮੀ ਟੈਸਟਾਂ ਵਿਰੁੱਧ ਦਿਵਸ', ਜੋ ਪ੍ਰਮਾਣੂ ਹਥਿਆਰਾਂ ਦੀ ਭਵਿੱਖ ਵਿਚ ਵਰਤੋਂ ਨੂੰ ਰੋਕਣ ਲਈ ਮਨਾਇਆ ਜਾਂਦਾ ਹੈ।

31-ਅਗੱਸਤ ਵਾਲੇ ਦਿਨ ਬ੍ਰਿਟੇਨ ਦੀ ਰਾਜਕੁਮਾਰੀ ਡਾਇਨਾ ਦੀ 1997 ਵਿੱਚ ਇੱਕ ਕਾਰ ਹਾਦਸੇ ਵਿੱਚ ਦੁਖਦਾਈ ਮੌਤ ਹੋ ਗਈ ਸੀ।

## ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

**ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ ਦੇ** ਲੇਖ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੇ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਵਾਰ ਸਨਮਾਨ ਮਿਲੇ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। **(gurdish.grewal@gmail.com)**

**ਡਾ. ਕਾਬਲ ਸਿੰਘ**, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਕਈ ਵਿਭਾਗਾਂ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ। **( singhkabal285@gmail.com)**

**ਡਾ. ਬਲਦੇਵ ਸਿੰਘ,** ਐਮ.ਐਸ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਅਤੇ ਪੀ.ਐਚ.ਡੀ. ਯੂਨੀਵਰਸਿਟੀ ਆਫ ਅਲਬਰਟਾ ਤੋਂ ਹਾਸਲ ਕੀਤੀ। 20 ਸਾਲਾਂ ਤੋਂ ਵੱਧ ਸਮਾਂ ਮਿੱਟੀ, ਪਾਣੀ, ਫਸਲ ਅਤੇ ਵਾਤਾਵਰਣ ਪ੍ਰਬੰਧਨ ਵਿਚ ਪ੍ਰੋਫੈਸਰ ਵਜੋਂ ਕੰਮ ਕੀਤਾ ਹੈ। ਉਨ੍ਹਾਂ ਨੇ ਪੀ.ਐਚ.ਡੀ. ਲਈ "ਕੈਨੇਡੀਅਨ ਕਾਮਨਵੈਲਥ ਸਕਾਲਰਸ਼ਿਪ" ਪ੍ਰਾਪਤ ਕੀਤਾ ਅਤੇ ਕੁਸ਼ਲ ਸਰੋਤ ਪ੍ਰਬੰਧਨ ਲਈ ਟੀਮ ਖੋਜ ਅਵਾਰਡ ਮਿਲਿਆ। ਉਹ ਅਲਬਰਟਾ ਯੂਨੀਵਰਸਿਟੀ, ਅਲਬਰਟਾ ਐਨਵਾਇਰਮੈਂਟ, ਅਤੇ ਕਈ ਕੰਪਨੀਆਂ ਨਾਲ ਸਲਾਹਕਾਰ ਵੀ ਰਹੇ ਹਨ। **(baldev3@yahoo.com)**

**ਪ੍ਰੋਫੈਸਰ ਮਨਿੰਦਰ ਸਿੰਘ,** ਐਮ.ਏ, ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹਿ ਚੁਕੇ ਹਨ। ਉਨ੍ਹਾਂ ਨੇ ਪੂਰਬੀ ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਲਗਰੀ ਅਤੇ ਐਡਮਿੰਟਨ (ਕੈਨੇਡਾ) ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ, ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਵੀ ਕੀਤਾ ਹੈ। **(Web: http://www.mypanorama.ca.)**

**ਡਾ. ਦਵਿੰਦਰ ਸਿੰਘ ਸੇਖੋਂ**, ਭਾਰਤ ਤੋਂ ਐਮ.ਐਸ.ਸੀ. ਅਤੇ ਕੈਲੀਫੋਰਨੀਆ ਯੂਨੀਵਰਸਿਟੀ ਤੋਂ (ਕੈਮਿਸਟਰੀ ਅਤੇ ਵਿਦਿਅਕ ਪ੍ਰਸ਼ਾਸਨ) ਵਿੱਚ ਪੀ.ਐਚ.ਡੀ. ਹਨ। ਉਹ 2009 ਵਿੱਚ ਪ੍ਰੋਫ਼ੈਸਰ ਵਜੋਂ ਸੇਵਾਮੁਕਤ ਹੋਏ ਅਤੇ ਉਨ੍ਹਾਂ ਨੇ ਸਿੱਖ ਧਰਮ ਬਾਰੇ 9 ਕਿਤਾਬਾਂ, ਬਹਤ ਸਾਰੇ ਖੋਜ ਲੇਖ ਅਤੇ ਕਾਨਫਰੰਸ ਪੇਪਰ ਲਿਖੇ ਹਨ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿੱਚ ਅਨੁਵਾਦ ਵੀ ਕੀਤਾ ਹੈ। **(Web : www.gurbanisandesh.com).**

**ਡਾ. ਹਰਸ਼ਿੰਦਰ ਕੌਰ** ਐੱਮ.ਡੀ. ਹਨ। ਲੈਕਚਰ ਦੇ ਕੇ ਜਾਗਰੂਪਤਾ ਲਿਆ ਰਹੇ ਹਨ। ਅਨਾਥ 415 ਲੜਕੀਆਂ ਨੂੰ ਮੁਫਤ ਸਿੱਖਿਆ ਦੇ ਰਹੇ ਹਨ, 41 ਸਨਮਾਨਿਤ ਕਿਤਾਬਾਂ ਅਤੇ ਕਈ ਲੇਖ ਲਿਖੇ ਹਨ। ਚੋਟੀ ਦੀਆਂ ਭਾਰਤੀ ਮਹਿਲਾਵਾਂ ਵਿਚ ਰਾਸ਼ਟਰਪਤੀ ਦੁਆਰਾ ਸਨਮਾਨ, ਪੰਜਾਬ ਤੋਂ ਪੁਰਸਕਾਰ ਅਤੇ ਸਿੱਖ ਰੋਲ ਮਾਡਲਾਂ ਵਿੱਚੋਂ ਹਨ। ਸੰਯੁਕਤ ਰਾਸ਼ਟਰ ਮੀਡੀਆ, 'ਵੂਮੈਨ ਰਾਈਟਸ ਐਕਟੀਵਿਸਟ' ਅਵਾਰਡ' ਅਤੇ ਰੋਟਰੀ ਵੋਕੇਸ਼ਨਲ ਅਵਾਰਡ, ਕੈਨੇਡਾ, ਕੈਲੀਫੋਰਨੀਆ ਦੀਆਂ ਸੰਸਦਾਂ ਵਿੱਚ ਅਵਾਰਡ' ਪ੍ਰਾਪਤ ਕੀਤੇ। ਕਈ ਟੀ. ਵੀ. ਦੁਆਰਾ ਉਨ੍ਹਾਂ ਦੇ ਕੰਮ 'ਤੇ ਅਧਾਰਿਤ ਫਿਲਮਾਂ ਬਣਾਈਆਂ ਗਈਆਂ ਹਨ।

**ਸ੍ਰ. ਕਰਮਜੀਤ ਸਿੰਘ ਨੂਰ** ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚੋਂ ਐਕਸੀਅਨ ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ ਸ੍ਰਿੰਗ ਕਵੀ ਸਭਾ ਵਲੋਂ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿਤਾ ਗਿਆ। ਰੇਡੀਓ ਅਤੇ ਦੂਰਦਰਸ਼ਨ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ। (ksnoor50@gmail.com. )

**ਕਰਨਲ ਪ੍ਰਤਾਪ ਸਿੰਘ** 1998 ਵਿੱਚ ਰਿਟਾਇਰ ਹੋ ਕੇ ਅੰਮ੍ਰਿਤਸਰ ਰਹਿ ਕੇ ਸਮਾਜ ਸੇਵਾ ਦੇ ਕਾਰਜਾਂ ਵਿੱਚ ਰੁਝੇ ਹੋਏ ਹਨ। ਉਨ੍ਹਾਂ ਦੀਆਂ ਕਵਿਤਾਵਾਂ ਤੇ ਕਈ ਲੇਖ ਅਖਬਾਰਾਂ ਵਿੱਚ ਛਪ ਚੁਕੇ ਹਨ। ਭਾਸ਼ਾ ਵਿਭਾਗ ਦੀ ਬੇਨਤੀ ਤੇ ਗੋਇੰਦਵਾਲ ਸਾਹਿਬ ਤੇ ਖੋਜ ਪੁਸਤਕ ਲਿਖੀ ਜਿਸ ਲਈ ਵਿਭਾਗ ਵਲੋਂ 2008 ਵਿੱਚ ਉਨ੍ਹਾਂ ਨੂੰ 5000 ਰੁਪਏ ਦਾ ਇਨਾਮ ਦਿੱਤਾ ਗਿਆ। ਦੋ ਹੋਰ ਕਿਤਾਬਾਂ ਛਪ ਚੁੱਕੀਆਂ ਹਨ ਤੇ ਚੌਥੀ ਕਿਤਾਬ 'ਮੇਰੀ ਕਾਵਿ ਕਿਆਰੀ' ਤਿਆਰ ਹੋ ਗਈ ਹੈ। partaapsingh1320@gmail.com

**ਸਰਦਾਰ ਚਮਕੌਰ ਸਿੰਘਂ** (ਸੈਨ ਡੀਏਗੋ ਕੈਲੀਫੋਰਨੀਆ ਵਿੱਚ) ਵੈਟਰਨਰੀ ਡਾਕਟਰ ਹਨ ਅਤੇ 1992 ਤੋਂ ਯੂ.ਐਸ.ਏ. ਵਿੱਚ ਅਭਿਆਸ ਕਰ ਰਹੇ ਹਨ। ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਗ੍ਰੈਜੂਏਸ਼ਨ ਕੀਤਾ ਹੈ। 1981 ਵਿੱਚ ਲੁਧਿਆਣਾ, ਨਿਰਮਲਾ ਸੰਪਰਦਾ ਤੋਂ ਗੁਰਬਾਣੀ ਦੀ ਵਿਆਖਿਆ ਸਖੀ।

**ਬੀਬੀ ਰੁਬੀਨਾ ਸਿੰਘ** ਕੈਲਗਰੀ ਯੂਨੀਵਰਸਿਟੀ ਵਿੱਚ ਵਿਦਿਆਰਥਣ ਹੈ। ਉਹ ਮਾਨਸਿਕ ਸਿਹਤ 'ਤੇ ਅਲਬਰਟਾ ਹੈਲਥ ਸਿਸਟਮ (AHS) ਵਿਚ ਖੋਜਕਾਰ ਰਹੀ ਹੈ। "ਡਾਇਗਨੋਸਟਿਕਸ ਵਿੱਚ ਅਸਮਾਨਤਾਵਾਂ" ਪ੍ਰਾਜੈਕਟ ਦੀ ਵਾਈਸ ਪ੍ਰੈਜ਼ੀਡੈਂਟ ਹੈ ਤੇ ਔਰਤਾਂ ਦੀ ਸਿਹਤ ਦੀ ਜਾਂਚ ਵਿਚ ਕਮੀਆਂ ਦੇਖਦੀ ਹੈ।

**ਐਸ਼ਕੁਮ ਐਸ਼ਵਿਕ (ਐਸ਼),** ਸਮਾਜ-ਵਿਗਿਆਨੀ, ਜੀਰੋਨਟੋਲੋਜਿਸਟ, ਲਾਈਫ ਕੋਚ ਤੇ ਕਵੀ ਹਨ ।ਪਿਛਲੇ 34 ਸਾਲਾਂ ਤੋਂ ਅੰਗਰੇਜੀ ਕਵਿਤਾ ਲਿਖ ਰਹੇ ਹਨ। 1986 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਐਮ. ਏ. ਸਮਾਜ ਸ਼ਾਸ਼ਤਰ ਦੀ ਡਿਗਰੀ ਅੱਵਲ ਦਰਜੇ ਵਿੱਚ ਪਾਸ ਕੀਤੀ। ਆਪਣੀ ਮਾਤ-ਭਾਸ਼ਾ ਪੰਜਾਬੀ ਵਿੱਚ ਤਕਰੀਬਨ 125 ਪੰਜਾਬੀ ਕਵਿਤਾਵਾਂ ਲਿਖੀਆਂ ਹਨ। ਹੁਣ ਤੱਕ ਚਾਰ ਅੰਗਰੇਜ਼ੀ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਕੀਤੇ ਹਨ। 'ਕੋਵਿਡ ਪੋਇਟਰੀ- ਡਾਕਟਰਜ਼ ਡਿਲੇਮਾ' ਕਿਤਾਬ ਪ੍ਰਕਾਸ਼ਿਤ ਕੀਤੀ ਜਿਸ ਦੀ ਪ੍ਰਸ਼ੰਸਾ ਅਮਰੀਕੀ ਸਰਜਨ ਜਨਰਲ ਅਤੇ ਰਾਸ਼ਟਰਪਤੀ ਬੈਰਾਕ ਓਬਾਮਾ ਨੇ ਕੀਤੀ।

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਵਿਰਾਸਤ ਨੂੰ ਪ੍ਰਫੁੱਲਤ ਕਰਨਾ ਧਰਮ-ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲੇਖ/ ਕਵਿਤਾਵਾਂ, ਸਮੀਖਿਆ ਕਰਕੇ ਛਾਪਣਾ।
2. ਸੰਪਾਦਕੀ ਬੋਰਡ ਲੇਖਕਾਂ ਦੇ ਵਿਚਾਰਾਂ ਲਈ ਜ਼ਿੰਮੇਵਾਰ ਨਹੀਂ ਹੈ, ਜ਼ਿਮੇਵਾਰੀ ਲੇਖਕਾਂ ਦੀ ਹੋਵੇਗੀ।
3. ਲਿਖਤ ਅਨਮੋਲ ਲਿਪੀ ਵਿਚ ਜਾਂ **Times New Roman** (12/14 ਫੌਂਟ) ਵਿਚ ਹੋਵੇ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਹੋਵੇ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ ਜੀ।
6. ਲੇਖਕ ਦਾ ਨਾਮ, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ ਨੰਬਰ, ਈ-ਮੇਲ ਅਡ੍ਰੈਸ, ਵੱਟਸਐਪ ਤੇ ਆਪਣੀ ਸੰਖੇਪ ਜਾਣਕਾਰੀ ਦਿਓ ਜੀ।
7. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ-800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ ਜੀ।
8. ਲੰਬੇ ਲੇਖ ਵੈੱਬਸਾਈਟ (*sanjihivrasat.org*) ਦੇ 'ਬਲ਼ੌਗ' 'ਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਆਪਣੀ ਜ਼ਿਮੇਵਾਰੀ ਹੋਵੇਗੀ ਦੇਖਣ ਕਿ '*Copyright Infringement*' ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ / ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿਓ ਜੀ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦਸਣਾ ਜ਼ਰੂਰੀ ਹੈ ਜੀ।

## Important Information for Authors

1. **Magazine Policy** : To Promote Punjabi Culture, History and Heritage. (By Secular, Non-Political, Non-Personal Articles/Poems, after Review)
2. **Editorial Board** : Will not be responsible for views of Authors / Poets.
3. **Font size 12/14** : Panjabi-'Anmol Lipi' (English -Times New Roman)
4. **Spacing, margin** : Line-to-line 1.0, Margins One Inch on all four sides.
5. **Format -WORD** : No PDF, Photocopy, Print-screen, Snip, Office-Lens
6. **Author's Data** : Name, City (Country), A Brief (own) Introduction, Give Phone, E-mail, or WhatsApp. (photo is optional).
7. **Maximum Length** : Two pages (Including Photo) of 800 Laptop words.
8. **Longer Articles** : On BLOG Website *(sanjhivirasat.org)* or serialized.
9. **Copy -Right (CR)** : Authors will ensure there is 'No CR' Infringement.
10. **References/Photos** : Source (Author, Title, Journal / Book, Year, Pages.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

## Editorial Board (*Sanjhi Virasat*)


| | |
|---|---|
| ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਪ੍ਰਿੰਸੀਪਲ ਮਨਮੋਹਨ ਕੌਰ | ਦਿੱਲੀ (ਭਾਰਤ |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਰਾਜਬੀਰ ਸਿੰਘ ਭੱਟੀ (ਮੁਖ ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |


### ਸਲਾਹਕਾਰ


| | |
|---|---|
| ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਐਡੀਟੋਰੀਅਲ ਬੋਰਡ






ਡਾ. ਰਾਜਾ ਬਲਰਾਜ ਸਿੰਘ

ਗੁਰਦੀਸ਼ ਕੌਰ ਗਰੇਵਾਲ

ਪ੍ਰੋਫ਼ੈਸਰ ਮਨਿੰਦਰ ਸਿੰਘ

ਡਾ. ਕਾਬਲ ਸਿੰਘ






ਡਾ. ਬਲਦੇਵ ਸਿੰਘ

ਸ. ਜਗਬੀਰ ਸਿੰਘ ਕੋਹਲੀ

ਸ. ਪਰਮਜੀਤ ਸਿੰਘ

ਪ੍ਰਿੰਸੀਪਲ ਮਨਮੋਹਨ ਕੌਰ






ਸ੍ਰ. ਉਂਕਾਰ ਸਿੰਘ ਟਿਵਾਣਾ

ਡਾ. ਰਾਜਬੀਰ ਸਿੰਘ ਭੱਟੀ

ਸ ਯੁਵਰਾਜ ਸਿੰਘ

ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ